ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995821245317

https://youtu.be/LQwolgxDu7I

awazeqaumtvpunjab@gmail.com

ਐਤਵਾਰ, 7 ਸਤੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੨੩ ਭਾਦੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਲੁਧਿਆਣਾ ’ਚ ਸਤਲੁਜ ਦਰਿਆ ਤੋਂ ਹੜ੍ਹ ਦਾ ਖਤਰਾ ਬਰਕਰਾਰ

# ਸੁਰੱਖਿਆ ਲਈ ਬਣਾਏ ਰਿੰਗ ਬੰਨ੍ਹ ਤੱਕ ਪਹੁੰਚਿਆ ਪਾਣੀ

**ਲੁਧਿਆਣਾ, 6 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਲੁਧਿਆਣਾ ਜ਼ਿਲ੍ਹੇ ਵਿੱਚ ਸਤਲੁਜ ਦਰਿਆ ਤੋਂ ਹੜ੍ਹ ਦਾ ਖ਼ਤਰਾ ਹੈ। ਸਤਲੁਜ ’ਤੇ ਪਿੰਡ ਸਸਰਾਲੀ ਨੇੜੇ ਬਣੇ ਬੰਨ੍ਹ ਵਿੱਚ ਪਿਛਲੇ 48 ਘੰਟਿਆਂ ਤੋਂ ਤਰੇੜਾਂ ਦਾ ਖ਼ਤਰਾ ਹੈ। ਸ਼ੁੱਕਰਵਾਰ ਨੂੰ ਦਿਨ ਭਰ ਬੰਨ੍ਹ ’ਤੇ 16 ਫੁੱਟ ਦਾ ਕੱਟ ਪਿਆ ਹੈ ਜਿਸ ਤੋਂ ਬਾਅਦ ਕਿਸਾਨਾਂ ਦੇ ਖੇਤਾਂ ਵਿੱਚ ਸਿੰਚਾਈ ਲਈ ਬਣਾਏ ਗਏ ਟਿਊਬਵੈੱਲਾਂ ਦੇ ਕਮਰੇ ਵਹਿ ਗਏ ਹਨ। ਪਾਣੀ ਅੱਗੇ ਵਧਦੇ ਹੋਏ ਰਿੰਗ ਡੈਮ ਤੱਕ ਪਹੁੰਚ ਗਿਆ ਹੈ। ਇਹ ਨਵਾਂ ਰਿੰਗ ਡੈਮ ਮੁੱਖ ਬੰਨ੍ਹ ਤੋਂ 700 ਮੀਟਰ ਦੀ ਦੂਰੀ ’ਤੇ ਬਣਾਇਆ ਗਿਆ ਸੀ, ਤਾਂ ਜੋ ਪਾਣੀ ਦੇ ਤੇਜ਼ ਵਹਾਅ ਨੂੰ ਕੰਟਰੋਲ ਕੀਤਾ ਜਾ ਸਕੇ। ਸਥਿਤੀ ਨੂੰ ਦੇਖਦੇ ਹੋਏ, ਇੱਥੇ ਫੌਜ ਅਤੇ ਐਨਡੀਆਰਐਫ ਦੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਪ੍ਰਸ਼ਾਸਨ ਵੱਲੋਂ ਬੰਨ੍ਹ ਦੇ ਢਹਿਣ ਨੂੰ ਰੋਕਣ ਲਈ ਕਾਫ਼ੀ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਪਰ ਉਹ ਸਫਲ ਨਹੀਂ ਹੋ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ ਜੇਕਰ ਇੱਥੋਂ ਪਾਣੀ ਨਿਕਲਦਾ ਹੈ, ਤਾਂ ਲੁਧਿਆਣਾ ਦੇ 14 ਪਿੰਡ ਹੜ੍ਹ ਦੀ ਲਪੇਟ ਵਿੱਚ ਆ ਜਾਣਗੇ। ਇਸ ਤੋਂ ਇਲਾਵਾ, ਪਾਣੀ ਸ਼ਹਿਰੀ ਖੇਤਰਾਂ ਰਾਹੀਂ ਰੋਡ, ਟਿੱਬਾ ਰੋਡ, ਤਾਜਪੁਰ ਰੋਡ, ਨੂਰਵਾਲਾ ਰੋਡ ਤੇ ਸਮਰਾਲਾ ਚੌਕ ਤੱਕ ਪਹੁੰਚ ਸਕਦਾ ਹੈ। ਸਾਹਨੇਵਾਲ ਦੇ ਧਨਾਨਸੂ ਇਲਾਕੇ ਵਿੱਚ ਵੀ ਪਾਣੀ ਭਰਨ ਦੀ ਸੰਭਾਵਨਾ ਹੈ, ਜਿਸ ਕਾਰਨ 50 ਹਜ਼ਾਰ ਤੋਂ ਵੱਧ ਲੋਕ ਪ੍ਰਭਾਵਿਤ ਹੋ ਸਕਦੇ ਹਨ। ਇਸ ਮੌਕੇ ਨੇੜਲੇ ਇਲਾਕਿਆਂ ਦੇ ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਜ਼ਰੂਰੀ ਚੀਜ਼ਾਂ ਅਤੇ ਦਸਤਾਵੇਜ਼ਾਂ ਨੂੰ ਸੁਰੱਖਿਅਤ ਰੱਖਣ ਤੇ ਸਥਿਤੀ ਵਿਗੜਨ ਦੀ ਸਥਿਤੀ ਵਿੱਚ ਤੁਰੰਤ ਸੁਰੱਖਿਅਤ ਸਥਾਨਾਂ ਜਾਂ ਬਚਾਅ ਕੇਂਦਰਾਂ ਵਿੱਚ ਚਲੇ ਜਾਣ।



**ਪ੍ਰਸ਼ਾਸਨ ਨੇ 5 ਹਦਾਇਤਾਂ ਜਾਰੀ ਕੀਤੀਆਂ** : ਲਗਾਤਾਰ ਸੁਚੇਤ ਰਹੋ ਅਤੇ ਸਥਿਤੀ ’ਤੇ ਨਜ਼ਰ ਰੱਖੋ। ਜੇ ਤੁਸੀਂ ਦੋ ਮੰਜ਼ਿਲਾ ਘਰ ਵਿੱਚ ਹੋ, ਤਾਂ ਉੱਪਰਲੀ ਮੰਜ਼ਿਲ ’ਤੇ ਰਹੋ। ਨੀਵੇਂ ਇਲਾਕਿਆਂ ਜਾਂ ਇੱਕ ਮੰਜ਼ਿਲਾ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਅਸਥਾਈ ਤੌਰ ’ਤੇ ਸੁਰੱਖਿਅਤ ਥਾਵਾਂ ’ਤੇ ਚਲੇ ਜਾਣਾ ਚਾਹੀਦਾ ਹੈ। ਜ਼ਰੂਰੀ ਦਸਤਾਵੇਜ਼ਾਂ ਅਤੇ ਸਮਾਨ ਨੂੰ ਵਾਟਰਪਰੂਫ਼ ਬੈਗ ਵਿੱਚ ਰੱਖੋ ਤਾਂ ਜੋ ਲੋੜ ਪੈਣ ’ਤੇ ਉਨ੍ਹਾਂ ਨੂੰ ਤੁਰੰਤ ਲਿਜਾਇਆ ਜਾ ਸਕੇ। ਬਜ਼ੁਰਗਾਂ, ਬੱਚਿਆਂ ਅਤੇ ਬਿਮਾਰ ਲੋਕਾਂ ਨੂੰ ਪਹਿਲਾਂ ਸੁਰੱਖਿਅਤ ਥਾਵਾਂ ’ਤੇ ਲੈ ਜਾਓ।




## ਪੰਜਾਬ ’ਚ ਵੱਡਾ ਹਾਦਸਾ, ਨਦੀ ਦੇ ਠਾਠਾਂ ਮਾਰਦੇ ਪਾਣੀ ਵਿਚ ਰੁੜ੍ਹੇ 5 ਬੱਚੇ



**ਪਟਿਆਲਾ, 6 ਸਤੰਬਰ (ਆਵਾਜ਼ਿ ਕੌਮ ਬਿਊਰੋ)**- ਪਟਿਆਲਾ ਜ਼ਿਲ੍ਹੇ ਦੇ ਬਾਰਡਰ ’ਤੇ ਲੱਗਦੇ ਪਿੰਡ ਅਹਿਰੂ ਖੁਰਦ ਦੇ 5 ਬੱਚੇ ਟਾਂਗਰੀ ਨਦੀ ’ਚ ਡੁੱਬ ਗਏ, ਜਿਨ੍ਹਾਂ ਵਿਚੋਂ ਚਾਰ ਨੂੰ ਬਚਾਅ ਲਿਆ ਗਿਆ ਹੈ ਜਦਕਿ ਇਕ ਬੱਚਾ ਲਾਪਤਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਬੱਚੇ ਟਾਂਗਰੀ ਨਦੀ ’ਤੇ ਪਾਣੀ ਦੇਖਣ ਲਈ ਗਏ ਸਨ ਕਿ ਅਚਾਨਕ ਇਹ ਬੱਚੇ ਪਾਣੀ ਵਿਚ ਵਹਿ ਗਏ। ਮੁੱਢਲੀ ਜਾਣਕਾਰੀ ਮੁਤਾਬਿਕ ਚਾਰ ਬੱਚਿਆਂ ਨੂੰ ਸੁਰੱਖਿਅਤ ਬਚਾਅ ਲਿਆ ਗਿਆ ਹੈ ਜਦਕਿ ਇਕ ਬੱਚੇ ਦੀ ਭਾਲ ਜਾਰੀ ਹੈ, ਜੋਂ ਕਿ ਅਜੇ ਤੱਕ ਨਹੀਂ ਮਿਲਿਆ। ਇੱਧਰ ਪ੍ਰਸ਼ਾਸਨ ਸਮੇਤ ਹੋਰਨਾ ਪਤਵੰਤਿਆਂ ਵੱਲੋਂ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਗਈ ਹੈ ਕਿ ਆਪੋ-ਆਪਣੇ ਬੱਚਿਆਂ ਦਾ ਖਿਆਲ ਰੱਖਣ। ਉਨ੍ਹਾਂ ਨੂੰ ਘੱਗਰ ਅਤੇ ਟਾਂਗਰੀ ਨਦੀ ਨੇੜੇ ਨਾ ਜਾਣ ਦੇਣ। ਘੱਗਰ ਵਿਚ ਅਜੇ ਵੀ 15 ਫੁੱਟ ਤੋਂ ਜ਼ਿਆਦਾ ਪਾਣੀ ਚੱਲ ਰਿਹਾ ਹੈ ਜਦਕਿ ਟਾਂਗਰੀ ਨਦੀ ਵਿਚ ਸਾਢੇ 16 ਫੁੱਟ ਤੋਂ ਜ਼ਿਆਦਾ ਪਾਣੀ ਚੱਲ ਰਿਹਾ ਹੈ।

## ਹੁਸ਼ਿਆਰਪੁਰ ਨੇੜੇ ਵਾਪਰਿਆ ਵੱਡਾ ਹਾਦਸਾ; ਸੰਤੁਲਨ ਵਿਗੜਨ ਕਾਰਨ ਖੱਡ ’ਚ ਡਿੱਗੀ ਐਂਬੂਲੈਂਸ, 3 ਦੀ ਮੌਤ



**ਹੁਸ਼ਿਆਰਪੁਰ, 6 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਹੁਸ਼ਿਆਰਪੁਰ ਦੇ ਚਿੰਤਪੁਰਨੀ ਰੋਡ ’ਤੇ ਮੰਗੂਵਾਲ ਬੈਰੀਅਰ ਨੇੜੇ ਇੱਕ ਐਂਬੂਲੈਂਸ ਖੱਡ ਵਿੱਚ ਡਿੱਗਣ ਨਾਲ ਤਿੰਨ ਲੋਕਾਂ ਦੀ ਮੌਤ ਹੋ ਗਈ। ਇਸ ਭਿਆਨਕ ਹਾਦਸੇ ’ਚ 3 ਲੋਕਾਂ ਦੀ ਦਰਦਨਾਕ ਮੌਤ ਹੋ ਗਈ ਜਦਕਿ 2 ਲੋਕ ਜ਼ਖਮੀ ਹੋ ਗਏ। ਮਿਲੀ ਜਾਣਕਾਰੀ ਮੁਤਾਬਿਕ ਮੀਂਹ ਕਾਰਨ ਸੜਕ ਦਾ ਇੱਕ ਹਿੱਸਾ ਧੱਸਣ ਕਰਕੇ ਇਹ ਹਾਦਸਾ ਵਾਪਰਿਆ। ਪੁਲਿਸ ਅਧਿਕਾਰੀ ਜਸਵੀਰ ਸਿੰਘ ਨੇ ਦੱਸਿਆ ਕਿ ਸਵੇਰੇ 3:30-4 ਵਜੇ ਦੇ ਕਰੀਬ, ਸੂਚਨਾ ਮਿਲੀ ਕਿ ਹਿਮਾਚਲ ਪ੍ਰਦੇਸ਼ ਤੋਂ ਆ ਰਹੀ ਇੱਕ ਐਂਬੂਲੈਂਸ ਹੁਸ਼ਿਆਰਪੁਰ ਦੇ ਚਿੰਤਪੁਰਨੀ ਰੋਡ ’ਤੇ ਮੰਗੂਵਾਲ ਬੈਰੀਅਰ ਦੇ ਨੇੜੇ ਖੱਡ ਵਿੱਚ ਡਿੱਗ ਗਈ। ਇਸ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਦੋ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

## AI ਨਾਲ ਸਿੱਖ ਗੁਰੂਆਂ ਅਤੇ ਪਵਿੱਤਰ ਧਾਰਮਿਕ ਸਥਾਨਾਂ ਦੀਆਂ ਫੋਟੋਆਂ ਨਾਲ ਛੇੜਛਾੜ ਕਰਨ ਦਾ ਮਾਮਲਾ ਭਖਿਆ, ਤੁਰੰਤ ਬੈਨ ਕਰਨ ਦੀ ਮੰਗ




**ਫਰੀਦਕੋਟ, 6 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਫਰੀਦਕੋਟ ਦੇ ਭਾਈ ਘਨਈਆ ਜੀ ਚੌਂਕ ’ਚ ਸਿੱਖ ਪ੍ਰਚਾਰਕ ਬਾਬਾ ਮਨਪ੍ਰੀਤ ਸਿੰਘ ਨੇ ਆਪਣੀ ਭੁੱਖ ਹੜਤਾਲ ਸ਼ੁਰੂ ਕੀਤੀ। ਮੰਗ ਕੀਤੀ ਗਈ ਕਿ ਉਹ ਏਆਈ ਐਪ, ਜਿਸ ਰਾਹੀਂ ਸਿੱਖ ਗੁਰੂਆਂ ਅਤੇ ਪਵਿੱਤਰ ਧਾਰਮਿਕ ਸਥਾਨਾਂ ਦੀਆਂ ਫਰਜ਼ੀ ਅਤੇ ਭ੍ਰਮਿਤ ਕਰਨ ਵਾਲੀਆਂ ਵੀਡੀਓਜ਼ ਬਣਾਈਆਂ ਜਾ ਰਹੀਆਂ ਹਨ, ਉਸਨੂੰ ਤੁਰੰਤ ਬੈਨ ਕੀਤਾ ਜਾਵੇ। ਬਾਬਾ ਮਨਪ੍ਰੀਤ ਸਿੰਘ ਨੇ ਪੁਲਿਸ ਅਤੇ ਪ੍ਰਸ਼ਾਸਨ ਦੇ ਭਰੋਸੇ ਤੋਂ ਬਾਅਦ ਭੁੱਖ ਹੜਤਾਲ ਮੁਅੱਤਲ ਨੂੰ ਕਰ ਦਿੱਤਾ ਹੈ। ਬਾਬਾ ਮਨਪ੍ਰੀਤ ਸਿੰਘ ਦਾ ਕਹਿਣਾ ਸੀ ਕਿ ਕੁਝ ਸ਼ਰਾਰਤੀ ਤੱਤਾਂ ਵੱਲੋਂ ਸਿੱਖ ਗੁਰੂਆਂ ਦੀਆਂ ਤਸਵੀਰਾਂ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ, ਜਿਸ ਨਾਲ ਪੂਰੇ ਸਿੱਖ ਸਮਾਜ ਦੀਆਂ ਭਾਵਨਾਵਾਂ ਨੂੰ ਸੱਟ ਪਹੁੰਚੀ ਹੈ। ਦੱਸਿਆ ਗਿਆ ਕਿ ਲਗਭਗ 10 ਦਿਨ ਪਹਿਲਾਂ ਉਹਨਾਂ ਵੱਲੋਂ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੂੰ ਮੰਗ ਪੱਤਰ ਸੌਂਪਿਆ ਗਿਆ ਸੀ ਤੇ 10 ਦਿਨ ਦਾ ਸਮਾਂ ਦਿੱਤਾ ਗਿਆ ਸੀ ਪਰ ਕੋਈ ਕਾਰਵਾਈ ਨਾ ਹੋਣ ’ਤੇ ਅੱਜ ਭੁੱਖ ਹੜਤਾਲ ਸ਼ੁਰੂ ਕੀਤੀ ਗਈ। ਇਸ ਮੌਕੇ ਨਾਇਬ ਤਹਿਸੀਲਦਾਰ ਅਤੇ ਡਿਊਟੀ ਮੈਜਿਸਟਰੇਟ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਬਾਬਾ ਜੀ ਵੱਲੋਂ ਦਿੱਤੀ ਗਈਆਂ ਮੰਗਾਂ ਨੂੰ ਪੰਜਾਬ ਸਰਕਾਰ ਤੱਕ ਭੇਜਿਆ ਗਿਆ ਹੈ ਤੇ ਸਰਕਾਰ ਨੂੰ ਵੀ ਸਾਰੀ ਜਾਣਕਾਰੀ ਸੌਂਪੀ ਜਾ ਰਹੀ ਹੈ। ਫਰੀਦਕੋਟ ਦੇ ਐਸਪੀ ਮਨਿੰਦਰਬੀਰ ਸਿੰਘ ਨੇ ਕਿਹਾ ਕਿ ਜੋ ਵੀ ਵਿਅਕਤੀ ਸਿੱਖ ਗੁਰੂਆਂ, ਹੋਰ ਧਾਰਮਿਕ ਆਗੂਆਂ ਜਾਂ ਪਵਿੱਤਰ ਸਥਾਨਾਂ ਦੀਆਂ ਤਸਵੀਰਾਂ ਨਾਲ ਛੇੜਛਾੜ ਕਰਕੇ ਬੇਅਦਬੀ ਕਰਦਾ ਹੈ, ਉਸਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਉਹਨਾਂ ਜਾਣਕਾਰੀ ਦਿੱਤੀ ਕਿ ਹਾਲ ਹੀ ’ਚ ਅਜਿਹੀਆਂ ਕਾਰਵਾਈਆਂ ਕਰਨ ਵਾਲਿਆਂ ਖ਼ਿਲਾਫ਼ ਬੇਅਦਬੀ ਦਾ ਮਾਮਲਾ ਦਰਜ ਕੀਤਾ ਗਿਆ ਹੈ ਤੇ ਐਫਆਈਆਰ ਦੀ ਕਾਪੀ ਵੀ ਪ੍ਰਦਰਸ਼ਨਕਾਰੀਆਂ ਨਾਲ ਸਾਂਝੀ ਕੀਤੀ ਗਈ ਹੈ। ਪ੍ਰਸ਼ਾਸਨ ਵੱਲੋਂ ਦਿੱਤੇ ਭਰੋਸੇ ਤੋਂ ਬਾਅਦ ਬਾਬਾ ਮਨਪ੍ਰੀਤ ਸਿੰਘ ਨੇ ਆਪਣੀ ਭੁੱਖ ਹੜਤਾਲ ਮੁਅੱਤਲ ਤਾਂ ਕਰ ਦਿੱਤੀ ਹੈ ਪਰ ਸਿੱਖ ਜਥੇਬੰਦੀਆਂ ਵੱਲੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਜੇਕਰ ਅਜਿਹੀਆਂ ਐਪਸ ਨੂੰ ਬੈਨ ਕਰਕੇ ਸਖ਼ਤ ਕਾਰਵਾਈ ਨਾ ਕੀਤੀ ਗਈ ਤਾਂ ਸੰਘਰਸ਼ ਹੋਰ ਵੱਡੇ ਪੱਧਰ ’ਤੇ ਜਾਰੀ ਰਹੇਗਾ।

## ਹਾਈਕੋਰਟ ਦੇ ਸਿਟਿੰਗ ਜੱਜ ਕੋਲੋਂ ਹੋਣੀ ਚਾਹੀਦੀ ਹੈ ਹੜ੍ਹਾਂ ਦੀ ਜਾਂਚ : ਬਲਬੀਰ ਸਿੰਘ ਰਾਜੇਵਾਲ

**ਚੰਡੀਗੜ੍ਹ, 6 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਨੇ ਪੰਜਾਬ ਵਿੱਚ ਆਏ ਹੜ੍ਹਾਂ ਨੂੰ ਲੈ ਕੇ ਵੱਡੀ ਮੰਗ ਰੱਖੀ ਹੈ। ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਹੜ੍ਹਾਂ ਦੇ ਕਾਰਨਾਂ ਪਿੱਛੇ ਹਾਈਕੋਰਟ ਦੇ ਸੀਟਿੰਗ ਜੱਜ ਕੋਲੋਂ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਕਿਸਾਨ ਆਗੂ ਨੇ ਹੜ੍ਹਾਂ ਨੂੰ ਲੈ ਕੇ ਵੱਡੇ ਸਵਾਲ ਖੜੇ ਕੀਤੇ ਹਨ ਅਤੇ ਪੰਜਾਬ ਤੇ ਬੀਬੀਐਮਬੀ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਤੇ ਬੀਬੀਐਮਬੀ ਨੂੰ ਪੰਜਾਬ ਵਿੱਚ ਹੜ੍ਹਾਂ ਲਈ ਭਾਈਵਾਲ ਦੱਸਿਆ ਹੈ। ਕਿਸਾਨ ਆਗੂ ਨੇ ਕਿਹਾ ਕਿ ਇਹ ਹੜ੍ਹ ਕੁਦਰਤੀ ਨਹੀਂ, ਸਗੋਂ Manmade ਹੈ, ਜਿਸ ਦੀ ਹਾਈ ਕੋਰਟ ਦੇ ਸਿਟਿੰਗ ਜੱਜ ਕੋਲੋਂ ਜਾਂਚ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਹੁਣ ਜਦੋਂ ਪੰਜਾਬ ਦੇ ਲੋਕ ਹੜ੍ਹਾਂ ਵਿੱਚ ਦੁੱਖ ਝੱਲ ਰਹੇ ਹਨ ਤਾਂ ਮੌਕੇ ਦੀ ਸਰਕਾਰ ਕਿੱਥੇ ਹੈ ? ਉਨ੍ਹਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਨੇ ਜਿਸ ਤਰੀਕੇ ਨਾਲ ਪੰਜਾਬ ਦੇ ਲੋਕਾਂ ਨੂੰ ਨਜਰਅੰਦਾਜ ਕੀਤਾ ਹੈ, ਇਹ ਹੁਣ ਇਤਿਹਾਸ ਸਿਰਜਿਆ ਜਾਵੇਗਾ। ਉਨ੍ਹਾਂ ਹੜ੍ਹਾਂ ਦੇ ਕਾਰਨਾਂ ਪਿੱਛੇ ਸਵਾਲ ਖੜਾ ਕੀਤਾ ਕਿ ਕੈਲੰਡਰ ਮੁਤਾਬਿਕ ਡੈਮਾਂ ’ਚ ਪਾਣੀ ਭਰਨਾ ਅਤੇ ਖਾਲੀ ਕਰਨਾ ਹੁੰਦਾ ਹੈ, ਪਰ ਅਜਿਹਾ ਨਹੀਂ ਕੀਤਾ। ਇਸ ਸਭ ਲਈ ਭਾਈਵਾਲ ਪੰਜਾਬ ਸਰਕਾਰ ਹੈ ਅਤੇ ਬੀਬੀਐਮਬੀ ਦੋਵੇਂ ਜ਼ਿੰਮੇਵਾਰ ਹਨ। ਉਨ੍ਹਾਂ ਇਹ ਵੀ ਸਵਾਲ ਚੁੱਕਿਆ ਕਿ, ”ਲੈਫਟੀਨੈਂਟ ਕਰਨਲ ਦੇ ਬਿਆਨ ਮੁਤਾਬਿਕ ਉਹਨਾਂ ਦਾ ਕਹਿਣਾ ਹੈ ਕਿ ਸਾਡੇ ਕੋਲ Water Bomb ਹੈ, ਜਦੋਂ ਵੀ ਲੋੜ ਹੋਈ ਅਸੀਂ ਪਾਕਿਸਤਾਨ ਨੂੰ ਇਸੇ ਤਰੀਕੇ ਨਾਲ ਡੁਬਾ ਹਾਂ, ਸਾਨੂੰ ਲਗਦਾ ਹੈ ਕਿ ਇਹ ਸਾਜਿਸ਼ ਸਾਡੇ ਨਾਲ ਵੀ ਤਾਂ ਨਹੀਂ ਕੀਤੀ ਗਈ ? ਕਿਉਂਕਿ ਜਦੋਂ ਦੇਸ਼ ਨੂੰ ਲੋੜ ਹੁੰਦੀ ਹੈ, ਉਦੋਂ ਪੰਜਾਬੀ ਸਭ ਤੋਂ ਅੱਗੇ ਪੰਜਾਬੀ ਦੋਸਤ, ਜਦੋਂ ਮਤਲਬ ਨਿਕਲ ਕੇ ਫਿਰ ਪੰਜਾਬੀ ਦੁਸ਼ਮਣ।” ਕਿਸਾਨ ਆਗੂ ਨੇ ਕਿਹਾ, ”ਮੈਂ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਹੁਣ ਲੋਕਾਂ ਨੂੰ ਰਾਸ਼ਨ ਨਾ ਦਿਓ, ਅਜੇ ਥੋੜਾ ਰੁਕ ਜਾਵੋ, ਜਾਂ ਫਿਰ ਲੋਕਾਂ ਲਈ ਲੰਗਰ ਬਣਾ ਕੇ ਲੈ ਜਾਓ। ਅਜੇ ਸਾਨੂੰ ਬਹੁਤ ਲੋੜ ਹੈ, ਜਦੋਂ ਪਾਣੀ ਹੇਠਾਂ ਹੋਣਾ ਹੈ ਉਦੋਂ ਸਾਨੂੰ ਪੈਲੀਆਂ ’ਚ ਮਿੱਟੀ ਕੱਢਣੀ, ਗਾਰਾ ਕੱਢਣਾ, ਰੇਤਾ ਕੱਢਣਾ, ਸਭ ਲਈ ਸਾਨੂੰ ਲੋੜ ਹੈ ਉਨ੍ਹਾਂ ਕਿਹਾ ਕਿ ਸਾਡੇ ਕਲਾਕਾਰਾਂ ਨੇ ਬਹੁਤ ਮਦਦ ਕੀਤੀ ਹੈ, ਜਦੋਂ ਮੁੜ ਵਸੇਬਾ ਕਰਨਾ ਉਦੋਂ ਸਾਨੂੰ ਲੋਕਾਂ ਨੂੰ ਦਿਲਾਸਾ ਦੇਣ ਦਾ ਸਮਾਂ ਹੈ, ਪਿਆਰ ਦੇਣਾ ਦਾ ਸਮਾਂ ਹੈ। ਕਿਸਾਨ ਆਗੂ ਨੇ ਸੀਐਮ ਮਾਨ ’ਤੇ ਤੰਜ ਕਸਦਿਆਂ ਕਿਹਾ, ”ਮੈਂ ਪੰਜਾਬ ’ਚ ਸਰਕਾਰ ਨੂੰ ਮੰਨਦਾ ਹੀ ਨਹੀਂ, ਕਿਉਂਕਿ ਪੰਜਾਬ ਦਾ ਜਿੰਮੇਵਾਰ ਮੁੱਖ ਮੰਤਰੀ ਹੈ, ਪਹਿਲਾਂ ਜਦੋਂ ਲੋਕ ਡੁੱਬ ਰਹੇ ਸੀ ਉਦੋਂ ਇਹ ਸੈਰ ਕਰਦਾ ਫਿਰਦਾ ਸੀ। ਹੁਣ ਸਾਰਾ ਪੰਜਾਬ ਡੁੱਬ ਰਿਹਾ, ਮੁੱਖ ਮੰਤਰੀ ਹਸਪਤਾਲ ਦਾਖਲ ਹੋਇਆ। ਕਹਿ ਰਹੇ ਨੇ ਕਿ ਧੜਕਣ ਘਟੀ ਹੈ, ਮੈਨੂੰ ਸ਼ੱਕ ਹੈ, ਇਹ ਸਭ ਸ਼ਰਾਬ ਵੱਧ ਪੀਤੀ ਦਾ ਅਸਰ ਹੈ। ਇਸਦਾ ਵਿਹਾਰ ਮੁੱਖ ਮੰਤਰੀ ਵਾਲਾ ਹੈ ਨਹੀਂ।” ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਇਨ੍ਹਾਂ ਹੜ੍ਹਾਂ ਵਿੱਚ ਜੇਕਰ ਕੋਈ ਸੱਚਮੁੱਚ ਪੀੜਤਾਂ ਨਾਲ ਖੜਾ ਹੈ ਤਾਂ ਉਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਨ, ਜਿਹੜੇ ਲਗਾਤਾਰ ਪ੍ਰਭਾਵਤ ਇਲਾਕਿਆਂ ਦਾ ਦੌਰਾ ਕਰ ਰਹੇ ਹਨ ਅਤੇ ਮੌਕੇ ’ਤੇ ਲੋਕਾਂ ਨੂੰ ਬੰਨ੍ਹ ਮਜ਼ਬੂਤ ਕਰਨ ਲਈ ਮਾਲੀ ਮਦਦ ਦੇ ਰਹੇ ਹਨ ਅਤੇ ਹੋਰ ਸਮੱਗਰੀ ਮੁਹਈਆ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਸੁਖਬੀਰ ਸਿੰਘ ਬਾਦਲ ਹੀ ਪੰਜਾਬੀਆਂ ਨਾਲ ਖੜਾ ਹੈ ਤੇ ਅਸੀਂ ਉਸਦੀ ਹੌਂਸਲਾ ਅਫਜ਼ਾਈ ਕਰਦੇ ਹਾਂ। ਬਾਕੀ ਤਾਂ ਸਭ ਡਰਾਮੇ ਕਰਦੇ ਫਿਰਦੇ ਹਨ।



## ਕੈਨੇਡਾ ’ਚ ਮਨਾਇਆ ਜਾਵੇਗਾ ਜਸਵੰਤ ਸਿੰਘ ਖਾਲੜਾ ਦਿਵਸ ਸਰਕਾਰ ਨੇ ਕੀਤਾ ਐਲਾਨ, ਆਪਣੇ ਮੁਲਕ ਨੇ ਖਾਲੜਾ ’ਤੇ ਬਣੀ ਫਿਲਮ ਵੀ ਕੀਤੀ ਬੈਨ

**ਟੋਰਾਂਟੋ, 6 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਕੈਨੇਡਾ ਨੇ ਮਨੁੱਖੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਸਿੱਖ ਆਗੂ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਬਹੁਤ ਸਤਿਕਾਰ ਦਿੱਤਾ ਹੈ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਨੇ ਅਧਿਕਾਰਤ ਤੌਰ ’ਤੇ 6 ਸਤੰਬਰ ਨੂੰ ਜਸਵੰਤ ਸਿੰਘ ਖਾਲੜਾ ਦਿਵਸ ਵਜੋਂ ਘੋਸ਼ਿਤ ਕੀਤਾ ਹੈ। ਇਹ ਐਲਾਨ ਉਨ੍ਹਾਂ ਦੇ ਲਾਪਤਾ ਹੋਣ ਦੀ 30ਵੀਂ ਵਰ੍ਹੇਗੰਢ ’ਤੇ ਕੀਤਾ ਗਿਆ ਸੀ। ਦੂਜੇ ਪਾਸੇ, ਭਾਰਤ ਵਿੱਚ, ਉਨ੍ਹਾਂ ’ਤੇ ਬਣੀ ਫਿਲਮ “ਪੰਜਾਬ-95” ਸੈਂਸਰਸ਼ਿਪ ਦੇ ਸ਼ਿਕੰਜੇ ਵਿੱਚ ਫਸ ਗਈ ਹੈ ਤੇ ਉਸ ਫਿਲਮ ਵਿੱਚ 127 ਕੱਟਾਂ ਦੀ ਮੰਗ ਕੀਤੀ ਜਾ ਰਹੀ ਹੈ। ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਜਸਵੰਤ ਸਿੰਘ ਖਾਲੜਾ ਅੰਤਰਰਾਸ਼ਟਰੀ ਪੱਧਰ ’ਤੇ ਸਨਮਾਨਿਤ ਮਨੁੱਖੀ ਅਧਿਕਾਰਾਂ ਦੇ ਰਾਖੇ ਸਨ ਤੇ ਉਨ੍ਹਾਂ ਦੀ ਯਾਦ ਨੂੰ ਹਮੇਸ਼ਾ ਲਈ ਜ਼ਿੰਦਾ ਰੱਖਣਾ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਮਾਣ ਵਾਲੀ ਗੱਲ ਹੈ। ਸੂਬੇ ਦੀ ਲੈਫਟੀਨੈਂਟ ਗਵਰਨਰ ਵੈਂਡੀ ਕੋਕੀਆ ਨੇ ਇਸ ਦਸਤਾਵੇਜ਼ ’ਤੇ ਦਸਤਖਤ ਕੀਤੇ ਤੇ 6 ਸਤੰਬਰ ਨੂੰ ਜਸਵੰਤ ਸਿੰਘ ਖਾਲੜਾ ਦਿਵਸ ਵਜੋਂ ਘੋਸ਼ਿਤ ਕੀਤਾ। ਅਨੁਰਾਗ ਸਿੰਘ ਦੁਆਰਾ ਨਿਰਦੇਸ਼ਤ ਇਹ ਫਿਲਮ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਸੰਘਰਸ਼ ਨੂੰ ਦਰਸਾਉਂਦੀ ਹੈ ਪਰ ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ (ਸੀਬੀਐਫਸੀ) ਨੇ ਫਿਲਮ ਨੂੰ ਪਾਸ ਕਰਨ ਤੋਂ ਪਹਿਲਾਂ 127 ਕੱਟਾਂ ਕਰਨ ਦੀ ਸ਼ਰਤ ਰੱਖੀ ਹੈ। ਫਿਲਮ ਨਾਲ ਜੁੜੇ ਲੋਕ ਅਤੇ ਮਨੁੱਖੀ ਅਧਿਕਾਰ ਕਾਰਕੁਨ ਇਸਨੂੰ ਪ੍ਰਗਟਾਵੇ ਦੀ ਆਜ਼ਾਦੀ ’ਤੇ ਹਮਲਾ ਦੱਸ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਖਾਲੜਾ ਦਾ ਜੀਵਨ ਸੰਘਰਸ਼ ਸੱਚਾਈ ’ਤੇ ਅਧਾਰਤ ਹੈ, ਤੇ ਜੇਕਰ ਉਸਦੀ ਕਹਾਣੀ ’ਤੇ ਸੈਂਸਰਸ਼ਿਪ ਲਗਾਈ ਜਾਂਦੀ ਹੈ ਤਾਂ ਇਹ ਨਿਆਂ ਅਤੇ ਇਤਿਹਾਸ ਦੋਵਾਂ ਨਾਲ ਬੇਇਨਸਾਫ਼ੀ ਹੋਵੇਗੀ। ਜ਼ਿਕਰ ਕਰ ਦਈਏ ਕਿ ਜਸਵੰਤ ਸਿੰਘ ਖਾਲੜਾ ਨੇ 1980 ਅਤੇ 90 ਦੇ ਦਹਾਕੇ ਵਿੱਚ ਪੰਜਾਬ ਵਿੱਚ ਝੂਠੇ ਮੁਕਾਬਲਿਆਂ ਅਤੇ ਗੁਪਤ ਸਸਕਾਰ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਨੇ ਖੁਲਾਸਾ ਕੀਤਾ ਕਿ ਹਜ਼ਾਰਾਂ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਬਿਨਾਂ ਕਿਸੇ ਕਾਰਵਾਈ ਦੇ ਮਾਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਲਾਸ਼ਾਂ ਵਾਂਗ ਸ਼ਮਸ਼ਾਨਘਾਟਾਂ ਵਿੱਚ ਸਾੜ ਦਿੱਤਾ ਗਿਆ ਸੀ। ਉਸਦੇ ਖੋਜਾਂ ਨੇ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੱਲ ਅੰਤਰਰਾਸ਼ਟਰੀ ਧਿਆਨ ਖਿੱਚਿਆ। ਪਰ 6 ਸਤੰਬਰ 1995 ਨੂੰ, ਉਸਨੂੰ ਦਿਨ-ਦਿਹਾੜੇ ਅਗਵਾ ਕਰ ਲਿਆ ਗਿਆ ਅਤੇ ਬਾਅਦ ਵਿੱਚ ਕਤਲ ਕਰ ਦਿੱਤਾ ਗਿਆ। ਉਸ ਸਮੇਂ ਤੋਂ, ਉਹ ਸਿੱਖਾਂ ਲਈ ਵਿਰੋਧ ਅਤੇ ਇਨਸਾਫ਼ ਦੀ ਆਵਾਜ਼ ਬਣ ਗਿਆ।



ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵੱਲੋਂ



# ਪੰਜ ਤਖ਼ਤ ਸਾਹਿਬਾਨ

ਅਤੇ

## 32 ਤੋਂ ਵੱਧ ਹੋਰ ਇਤਿਹਾਸਕ ਗੁਰਧਾਮਾਂ ਦੀ ਯਾਤਰਾ

**29 ਅਕਤੂਬਰ ਤੋਂ 8 ਨਵੰਬਰ 2025** ਅਤੇ **15 ਫਰਵਰੀ 2026 ਤੋਂ 25 ਫਰਵਰੀ 2026**

ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

★ ਸੰਪਰਕ ★

## ਭਾਈ ਰਘਵੀਰ ਸਿੰਘ
## +44 7976 210161





CROWN
INTERIOR DESIGN
DESIGN - MANUFACTURING SUPPLY AND FITTING
Follow us on :
DEALS IN :
ਆਵਾਜ਼ਿ ਕੌਮ
AWAZE QAUM
International Newspaper & WEB TV
Kitchens
Bedrooms
Media Wall
Loft
Wardrobes & Sliding Doors
Dressing Table
Study Room
Bar
All Inclusive Free Measurement
Design & Quotes
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
SCAN HERE FOR
WEBSITE


SCAN HERE FOR WEBSITE
Follow us on :
CROWN
INTERIOR DESIGN
DESIGN - MANUFACTURING SUPPLY AND FITTING
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
ਆਵਾਜ਼ ਕੌਮ
AWAZE QAUM
International Newspaper & WEB TV

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਨਾਮ ਜਪੋ ਕਿਰਤ ਕਰੋ ਵੰਡ ਛਕੋ — Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

**ਨੌਵੇ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ**



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

**1 ਨਵੰਬਰ 2025, ਦਿਨ ਸ਼ਨੀਵਾਰ ਨੂੰ ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ** ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ



**ਨੋਟ : ਇਹ ਸਮਾਗਮ 13 ਦਿਨ ਚੱਲੇਗਾ** ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ। ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ **ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ**
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404


ਸੰਪਰਕ ਨੰਬਰ
98141-27470
84278-66404
73408-35137

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★






## SANJHA PUNJAB

VEG & NON-VEG INDIAN

TAKE AWAY MENU

0116 291 1565
075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk
email: sanjha47@hotmail.com

## SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk
email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ AWAZE QAUM
International Newspaper & WEB TV

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਆਵਾਜ਼ਿ ਕੌਮ AWAZE QAUM TV

# AWAZE QAUM TOURS & TRAVELS

ORGANISE

# PANJ TAKHAT YATRA

# ਪੰਜ ਤਖ਼ਤ ਦਰਸ਼ਨ ਯਾਤਰਾ

## ( FROM 15th FEB 2026 TO 25th FEB 2026 )

10 Nights 11 Days Tour From 15th Feb 2026 to 25th Feb 2026

AKAL TAKHAT SAHIB & 5 OTHER PLACES | HYDRABAD & 2 OTHER PLACES
HAZUR SAHIB & 8 OTHER GURUDWARAS | PATNA SAHIB & 5 OTHER GURUDWARA
CHANDIGARH & SUKHNA LAKE | ANANDPUR SAHIB & 4 OTHER GURUDWARAS
DAMDAMA SAHIB & 3 OTHER GURUDWARAS

- Luxury Hotel with Breakfast & Dinner
- Luxury Air-conditioned Coaches
- Domestic Flights
- Guide
- Flexibility to stay in India before & after the trip*
- Starting and Ending Point at Jalandhar

NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE

Account Name
RAGHBIR SINGH
Bank Name
HALIFAX
Sort Code 11-08-07
Account Number
00516474

ADVICE

REQUEST TO ALL SANGAT TO HAVE YOUR OWN TRAVEL INSURANCE INDIVIDUALLY !

FOR MORE INFO CONTACT

RAGHBIR SINGH
(CALL +44 7458 381111, +44 7976 210161)


PARAMJIT SHERGILL
+44 7858 198159

INDERJIT KAUR
+44 7883 635835

KULVINDER MANN
+44 7900 982906

121, BROADWAY WEST WALSALL, WEST MIDLANDS, WS1 4DW, ENGLAND UK

# ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥







ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ



# 29ਵਾਂ ਸਲਾਨਾ ਗੁਰਮਤਿ ਸਮਾਗਮ



ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ) ਬੱਬਰਾਂ ਦੇ ਹਾਈ ਕੋਰਟ

20 ਅਕਤੂਬਰ ਦਿਨ ਸੋਮਵਾਰ ਤੋਂ 1 ਨਵੰਬਰ ਦਿਨ ਸ਼ਨੀਵਾਰ ਤੱਕ 13 ਦਿਨ ਸਮਾਗਮ

## ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ

ਨੂੰ ਸ਼੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ ।

ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ

## 1 ਨਵੰਬਰ 2025 ਦਿਨ ਸ਼ਨੀਵਾਰ ਨੂੰ

ਲੜੀ ਭੋਗ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ ।



## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ


ਦਮਦਮੀ ਟਕਸਾਲ

ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ

ਮੋ: 98141-27470, 73408-35137

ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404



ਆਵਾਜ਼ਿ ਕੌਮ AWAZE QAUM International Newspaper & WEB TV

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖਾਲਸਾ।

ਆਵਾਜ਼ਿ ਕੌਮ
AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥


**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**



ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.**

## Tour Package

**Akal Takhat Sahib & 5 Other Places**
**Hydrabad & 5 Other Places**
**Hazur Sahib & 8 Other Gurudwaras**
**Patna Sahib & 5 Other Gurudwaras**
**Chandigarh & Sukhna Lake**
**Anandpur Sahib & 4 Other Gurudwaras**
**Damdama Sahib & 3 Other Gurudwaras**

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note : To Book Deposit £600 as an advance into the mentioned bank account balance amout need to be deposited 2 weeks before the travel date.**

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. :00516474**

Contact Detail :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

**--ADVICE--**
**Request to all Sangat to have own travel Insurance individualy!**

Program is subject to change without Prior Notice.

ਆਵਾਜ਼ਿ ਕੌਮ
AWAZE QAUM

## JOURNEY OF A LIFE TIME
## PANJ TAKHAT YATRA
### 5 TAKHAT YATRA - 10 NIGHTS / 11 DAYS


ਆਵਾਜ਼ਿ ਕੌਮ
AWAZE QAUM


### 15th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.




Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd



After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th



After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**


**FOR MORE INFORMATION PLS. CONTACT**

**RAGHBIR SINGH**
**+44 7458 381111, +44 7976 210161**

**PARAMJIT SHERGILL**
**+44 7858 198159**

**INDERJIT KAUR**
**+44 7883 635835**

**KULVINDER MANN**
**+44 7900 982906**

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖਾਲਸਾ।

# ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ਼੍ਰੀ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇੱਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

### ਅਕਾਊਂਟ ਨੰਬਰ ਤੇ ਡਿਟੇਲ

Account Name: RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

★ ਸਲਾਹ ★
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇੰਸ਼ੋਰੈਂਸ ਕਰਵਾ ਲੈਣ

ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
# ਪੰਜ ਤਖ਼ਤ ਯਾਤਰਾ

ਆਵਾਜ਼ਿ ਕੌਮ AWAZE QAUM

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)




ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਊਜ਼ੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋ ਫਿਕਸਡ ਮੈਨਿਊ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਂਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਊਜ਼ੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।

--★ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ★--

| | | | |
|---|---|---|---|
| RAGHBIR SINGH | PARAMJIT SHERGILL | INDERJIT KAUR | KULWINDER MANN |
| +44 7458 381111, +44 7976 210161 | +44 7858 198159 | +44 7883 635835 | +44 7900 982906 |

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ






☛ ਜਨਮ ਦਿਵਸ ਬਾਬਾ ਸ੍ਰੀ ਚੰਦ ਸਾਹਿਬ ਜੀ। ☛ ਸ਼ਹੀਦੀ ਦਿਵਸ ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟ ( ਸ਼੍ਰੀ ਅੰਮ੍ਰਿਤਸਰ) ☛ ਜੋੜ ਮੇਲਾ ਸ੍ਰੀ ਗੋਇੰਦਵਾਲ ਸਾਹਿਬ ਜੀ। ☛ ਜੋੜ ਮੇਲਾ ਗੁਰਦੁਆਰਾ ਕੰਧ ਸਾਹਿਬ( ਬਟਾਲਾ) ☛ ਜੋਤੀ ਜੋਤ ਧੰਨ ਸ਼੍ਰੀ ਗੁਰੂ ਅਮਰਦਾਸ ਸਾਹਿਬ ਜੀ। ☛ ਗੁਰਿਆਈ ਧੰਨ ਸ਼੍ਰੀ ਰਾਮਦਾਸ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ ।

ਸ੍ਰੀ ਅਖੰਡ ਪਾਠ ਸਾਹਿਬ ਜੀ ਸੇਵਾ ਕਾਜ਼ਲਬੋਤਾਨੋ ਦੀਆ ਸਿੱਖ ਸੰਗਤਾਂ ਵੱਲੋਂ ਲਈ ਗਈ ਹੈ।

**ਸ਼ਨਿੱਚਰਵਾਰ 6 ਸਤੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ**

ਐਤਵਾਰ 7 ਸਤੰਬਰ 2025 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ।

ਕਵੀਸ਼ਰੀ ਜਥਾ ਗਿਆਨੀ ਅੰਗਰੇਜ਼ ਸਿੰਘ ਜਾਂਗਲਾ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778



Singh Sahib Giani Malkit Singh Ji
Head Granthi Sri Akaal Takhat Sahib
Contact No -IND +91 98552 03174
America - +1(856)-473-8596
29 - 31 August
Nanak Naam Jahaaj Gurdwara
1080 Westside Ave , Jersey City , NJ 07306
5&7 Septmber
Mata GUJRI Sikh Society
11 Ellison Dr,cherry Hill,NJ08003
11 September
Guru Nanak Sikh Heritage
29 wyekoff Mills Rd,Monroe ,NJ09931
12-14 September
Philadelphia Sikh Society
6706 Garden CT Rd, Millbourne, PA19082
21 September
Garden state Sikh Association
977 Washington Vally Rd ,Basking Ridge,NJ07920
26-28 September
Guru Nanak Mission Gurdwara
138 Bauer Dr, Oakland,NJ08436
For More Information
Contact-Bhai Karamjit Singh Ji Shant
(201)694-1007
ਆਵਾਜ਼ਿ ਕੌਮ
AWAZE QAUM
International Newspaper & WEB TV




ਜਸਵੰਤ ਸਿੰਘ ਖਾਲੜੇ ਦੀ ਗ਼ੁਮਸ਼ੁਦਗੀ ਦੀ 30ਵੀਂ ਬਰਸੀ 'ਤੇ

# ਜਦੋਂ ਜੁਰਮ ਦੀ ਯਾਦ ਮਿਟਾ ਦਿੱਤੀ ਜਾਂਦੀ ਹੈ, ਤਾਂ ਇਨਸਾਫ਼ ਦੂਜੀ ਵਾਰੀ ਮਰਦਾ ਏ

ਸਾਲ 2019 ਵਿਚ ਬੀਬੀ ਪਰਮਜੀਤ ਕੌਰ ਖਾਲੜਾ ਨੇ ਖਡੂਰ ਸਾਹਿਬ ਹਲਕੇ ਤੋਂ ਲੋਕ ਸਭਾ ਚੋਣਾਂ ਲੜੀਆਂ। ਤਾਂ ਅਸਾਂ ਪਰਦੇਸ ਵੱਸਦੇ ਲੋਕਾਂ ਨੂੰ ਕੁਝ ਆਸ ਹੋਈ ਕਿ ਬੀਬੀ ਜੀ ਹੁਣ ਪੰਜਾਬ ਵਾਸਤੇ ਕੁਝ ਕਰਨਗੇ। ਅਸੀਂ ਇੰਟਰਨੈੱਟ 'ਤੇ ਮੁਹਿੰਮ ਚਲਾਈ, ਅਤੇ ਪੰਜਾਬ ਵੱਸਦੇ ਸਾਥੀਆਂ ਨੂੰ ਉਨ੍ਹਾਂ ਦੇ ਹੱਕ ਵਿਚ ਖੜ੍ਹੇ ਹੋਣ ਲਈ ਕਿਹਾ। ਇਕ ਦਿਨ ਮੇਰੀ ਘਬਰਾਈ ਹੋਈ ਸਹੇਲੀ ਦਾ ਮੈਨੂੰ ਫ਼ੋਨ ਆਇਆ: "ਜਿਨ੍ਹਾਂ ਲੋਕਾਂ ਨੂੰ ਫ਼ੋਨ ਕੀਤਾ, ਉਨ੍ਹਾਂ ਵਿੱਚੋਂ ਬਹੁਤਿਆਂ ਨੇ ਕਿਹਾ ਕਿ ਉਹ ਬੀਬੀ ਜੀ ਨੂੰ ਜਾਣਦੇ ਹੀ ਨਹੀਂ।" ਜਦੋਂ ਉਸ ਦੱਸਿਆ, "ਉਹ ਜਸਵੰਤ ਸਿੰਘ ਖਾਲੜੇ ਦੀ ਧਰਮਪਤਨੀ ਹੈ," ਤਾਂ ਅੱਗੋਂ ਮਿਲ਼ੇ ਜਵਾਬ ਸੁਣ ਕੇ ਦਿਲ ਹੋਰ ਵੀ ਖ਼ਰਾਬ ਹੋਇਆ; ਅਖੇ: "ਕਿਹੜਾ ਜਸਵੰਤ ਸਿੰਘ" ਸਾਡੇ ਮਨ ਨੂੰ ਹਲੂਣਾ ਲੱਗਾ। ਮੈਂ ਤਰਨ ਤਾਰਨ ਦੇ ਕੁਝ ਨੌਜਵਾਨਾਂ ਨੂੰ ਫ਼ੋਨ ਕਰਕੇ ਪੁੱਛਿਆ; ਪਰ ਉਹ ਵੀ ਭਾਈ ਜਸਵੰਤ ਸਿੰਘ ਨੂੰ ਨਹੀਂ ਸਨ ਜਾਣਦੇ। ਅਸੀਂ ਪਰਦੇਸ ਵਿਚ ਸਾਲਾਂ ਤੋਂ ਸ਼ਹੀਦ ਜਸਵੰਤ ਸਿੰਘ ਖਾਲੜੇ ਦੀ ਗੁਮਸ਼ੁਦਗੀ ਦੀ ਬਰਸੀ ਮਨਾਉਂਦੇ ਆਏ ਹਾਂ। ਤੇ ਇਥੇ, ਪੰਜਾਬ ਵਿਚ, ਸਿਰਫ਼ ਦੋ ਦਹਾਕਿਆਂ ਵਿਚ ਹੀ ਉਹਦੀ ਯਾਦ ਮਿਟਣ ਲੱਗੀ ਸੀ। ਜੇ ਜਸਵੰਤ ਸਿੰਘ ਖਾਲੜਾ ਨੂੰ ਹੁਣ ਕਈ ਨਹੀਂ ਜਾਣਦੇ, ਤਾਂ 1984 ਦਾ ਕਿੰਨਿਆਂ ਕੁ ਨੂੰ ਚੇਤਾ ਰਹੇਗਾ ਇਹ ਨਿਰੀ ਨਸਲਕੁਸ਼ੀ ਨਹੀਂ, ਇਹ ਯਾਦਾਂ ਦਾ ਕਤਲ ਵੀ ਹੈ — ਯਾਦਕੁਸ਼ੀ! ਇਸੇ ਚਿੰਤਾ 'ਚ, ਮੇਰੀ ਸਹੇਲੀ ਨੇ ਮੈਨੂੰ ਲੇਖ ਲਿਖਣ ਲਈ ਆਖਿਆ। "ਮੈਂ ਮਸੌਦਾ ਤਿਆਰ ਕਰ ਲਿਆ ਹੈ," ਉਹਨੇ ਕਿਹਾ। ਉਸ ਵੇਲੇ, ਮੈਂ ਸੋਹਣੇ ਪੰਜਾਬ ਦੀਆਂ ਮੋਹਣੀਆਂ ਬਾਤਾਂ ਦੀ 9 ਵੀਂ ਕਿਤਾਬ 'ਤੇ ਕੰਮ ਕਰ ਰਹੀ ਸਾਂ। ਉਹ ਇਕ ਹੋਰ ਹੀ ਸੰਸਾਰ ਸੀ - ਖ਼ੁਸ਼ੀਆਂ ਭਰਿਆ। 90-ਵਿਆਂ ਦੇ ਦਹਾਕੇ ਦੇ ਪੰਜਾਬ ਬਾਰੇ ਲਿਖਣਾ ਮੁੜ ਦੁੱਖ ਸਹੇੜਨ ਵਾਲ਼ੀ ਗੱਲ ਸੀ। ਮੈਂ ਮਸੌਦਾ ਪੜ੍ਹਿਆ। ਸੋਧਿਆ। ਪਰ ਜਿੰਨਾ ਵਧੇਰੇ ਪੜ੍ਹਿਆ, ਉਤਨਾ ਹੀ ਮਨ ਬੇਚੈਨ ਹੋਇਆ। ਇਸ ਮਹਾਨ ਯੋਧੇ ਦੀ ਮਹਾਨ ਦੇਣ ਨੂੰ ਦੋ ਸਫ਼ਿਆਂ ਵਿਚ ਕਿਵੇਂ ਸਮਝਾਇਆ ਜਾ ਸਕਦਾ ਸੀ ਇਹ ਇਕ ਇਕੱਲਾ ਬੰਦਾ ਤਾਂ ਨਹੀਂ ਸੀ। ਇਹਦੇ ਨਾਲ਼ 25 ਹਜ਼ਾਰ ਲਾਪਤਾ ਨੌਜਵਾਨਾਂ ਦੀਆਂ ਰੂਹਾਂ ਸਨ। ਇਹ ਉਨ੍ਹਾਂ ਮਾਵਾਂ ਦੀ ਆਵਾਜ਼ ਸੀ, ਜੋ ਅਜੇ ਵੀ ਅਪਣੇ ਪੁੱਤਰਾਂ ਦੀਆਂ ਉਡੀਕ ਕਰਦੀਆਂ ਹਨ। ਇਹ ਉਹ ਦੀਪਕ ਸੀ, ਜਿਹਨੇ ਅੰਨ੍ਹੇਰੇ ਨੂੰ ਪਸਰਨੋਂ ਰੋਕਿਆ ਤੇ ਦੁਨੀਆ ਵਿਚ ਚਾਨਣ ਕੀਤਾ।



ਮੈਂ ਅਪਣੀ ਸਹੇਲੀ ਨੂੰ ਕਿਹਾ, "ਇਹ ਲੇਖ ਨਹੀਂ ਬਣੇਗਾ। ਇਹ ਤਾਂ ਪੂਰੀ ਕਿਤਾਬ ਬਣੇਗੀ।"

ਉਸ ਆਖਿਆ, "ਫਿਰ ਤੁਸੀਂ ਹੀ ਲਿਖੋ।" "ਮੈਂ ਇਤਿਹਾਸਕਾਰ ਨਹੀਂ। ਮੈਂ ਤਾਂ ਬੱਚਿਆਂ ਲਈ ਖ਼ੁਸ਼ੀਆਂ ਭਰੀਆਂ ਬਾਤਾਂ ਸਜਾਉਂਦੀ ਹਾਂ।" ਪਰ ਉਹ ਨਾ ਹਟੀ। "ਜੇ ਬੱਚਿਆਂ ਨੂੰ ਤੁਹਾਡੀਆਂ ਕਹਾਣੀਆਂ ਪਸੰਦ ਆਉਂਦੀਆਂ ਹਨ, ਤਾਂ ਉਨ੍ਹਾਂ ਨੂੰ ਬਾਤਾਂ ਪਾਉਣ ਵਾਲ਼ੀ ਅਪਣੀ ਬੀਬੀ ਤੋਂ ਅਪਣੇ ਇਸ ਨਾਇਕ ਬਾਰੇ ਜਾਣਨ ਦਾ ਵੀ ਕੋਈ ਹੱਕ ਹੈ।"

ਉਹਨੇ ਕਿਹਾ, "ਨਵਕਿਰਨ ਕੌਰ ਨਾਲ ਗੱਲ ਕਰ ਲਵੋ। ਜੇ ਫਿਰ ਵੀ ਨਾ ਆਖੋ, ਮੈਂ ਨਹੀਂ ਕਹਾਂਗੀ।" ਮੈਂ ਜਸਵੰਤ ਸਿੰਘ ਜੀ ਦੀ ਧੀ ਨਵਕਿਰਨ ਕੌਰ ਨਾਲ ਗੱਲ ਕੀਤੀ। ਉਹਦੇ ਉਤਸ਼ਾਹ ਤੇ ਮੇਰੀ ਕਾਬਲੀਅਤ 'ਤੇ ਭਰੋਸੇ ਨੇ ਮੈਨੂੰ ਝੰਜੋੜਿਆ, ਤੇ ਮੇਰੇ ਅੰਦਰੋਂ ਆਵਾਜ਼ ਆਈ - "ਜਦੋਂ ਗੁਰੂ ਸੇਵਾ ਦੇ ਰੂਪ ਵਿਚ ਇਹੋ ਜਿਹਾ ਫਰਜ਼ ਝੋਲ਼ੀ 'ਚ ਪਾਉਂਦਾ ਹੈ, ਤਾਂ ਇਨਕਾਰ ਨਹੀਂ ਕਰਦੇ ਹੁੰਦੇ।" ਉਸੇ ਦਿਨ ਮੈਂ ਨਵਕਿਰਨ ਨੂੰ ਆਖਿਆ: ਸਵਾਲਾਂ-ਜਵਾਬਾਂ ਲਈ ਸਮਾਂ ਰੱਖ ਲਵੋ। ਚੋਣਾਂ ਤਾਂ ਲੰਘ ਗਈਆਂ, ਪਰ ਉਨ੍ਹਾਂ ਦੀ ਗ਼ੁਮਸ਼ੁਦਗੀ ਦੀ 25ਵੀਂ ਬਰਸੀ 18 ਮਹੀਨਿਆਂ 'ਚ ਆਉਣ ਵਾਲ਼ੀ ਸੀ। ਅਸੀਂ ਅਰਦਾਸ ਕੀਤੀ। ਤੇ ਮੈਂ ਆਪਣੇ ਸਾਰੇ ਕੰਮ ਇਕ ਪਾਸੇ ਰੱਖ ਦਿੱਤੇ। ਤੇ ਹੌਸਲਾ ਕਰ ਅਤੀਤ ਦੇ ਨਾਲ਼ ਇਕ ਵਾਰੀ ਫੇਰ ਰੂਬਰੂ ਹੋ ਗਈ। ਮੈਂ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੀ ਜ਼ਿੰਦਾ ਗਵਾਹ ਹਾਂ। ਮੇਰੇ ਤਿੰਨ ਤਿਉਰ-ਭਰਾ ਅਤੇ ਇਕ ਦੂਰ ਦਾ ਮਾਮਾ ਜੀਉਂਦੇ ਸਾੜੇ ਗਏ ਸਨ। ਮੈਂ ਇਹ ਸਭ ਕੁਝ ਭਾਰਤ ਵਿਚ ਹੁੰਦਾ ਦੇਖਿਆ। 90-ਵਿਆਂ ਵਿਚ ਉੱਚੀ ਤਾਲੀਮ ਲਈ ਅਮਰੀਕਾ ਆਈ ਮੈਂ ਹੋਰ ਸ਼ਾਹਦਾਂ ਨੂੰ ਮਿਲ਼ੀ, ਜਿਨ੍ਹਾਂ ਨੇ ਪੰਜਾਬ ਵਿਚ ਹੋ ਰਹੀਆਂ ਨੌਜਵਾਨਾਂ ਦੀਆਂ ਗੁੰਮਸ਼ੁਦਗੀਆਂ ਤੇ ਤਸ਼ੱਦਦ ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਉਥੇ ਹੀ ਮੈਨੂੰ ਪਹਿਲੀ ਵਾਰੀ ਜਸਵੰਤ ਸਿੰਘ ਖਾਲੜੇ ਤੇ ਉਨ੍ਹਾਂ ਦੀ ਨੇਕ ਕਮਾਈ ਦਾ ਪਤਾ ਲੱਗਾ। ਉਸੇ ਦਿਨ ਤੋਂ ਉਹ ਮੇਰੇ ਮਨ ਅੰਦਰ ਵੱਸ ਗਏ।

ਮੈਂ ਕਦੇ ਸੋਚਿਆ ਕਰਦੀ ਸਾਂ -ਕੋਈ ਕਿਤਾਬ ਹੋਵੇ, ਜੋ ਇਹ ਸਾਰੀ ਵਾਰਤਾ ਦੱਸ ਸਕੇ। ਜੋ ਨੌਜਵਾਨ ਪੜ੍ਹ ਸਕਣ। ਜੋ ਕਿਸੇ ਇਕ ਧਿਰ ਦੀ ਨਹੀਂ, ਸਭਨਾਂ ਲੋਕਾਂ ਦੀ ਗਾਥਾ ਹੋਵੇ।

ਜੋ ਹਰ ਮਨੁੱਖ ਦੇ ਹੱਕ-ਹਕੂਕ ਦੀ ਗੱਲ ਕਰਦੀ ਹੋਵੇ।

ਹੁਣ ਇਕ ਮਾਂ ਹੋਣ ਦੇ ਨਾਤੇ ਮੈਨੂੰ ਯਕੀਨ ਹੋ ਚੱਲਿਆ ਸੀ —

ਜੇ ਅਸੀਂ ਅਪਣੀਆਂ ਕਹਾਣੀਆਂ ਨਹੀਂ ਲਿਖਾਂਗੇ, ਤਾਂ ਉਹ ਸਾਡੇ ਨਾਲ ਹੀ ਮਰ-ਮੁੱਕ ਜਾਣਗੀਆਂ।


Genocide Watch ਦੇ ਸੰਸਥਾਪਕ ਡਾਕਟਰ ਗ੍ਰੇਗਰੀ ਸਟੈਂਟਨ ਨਸਲਕੁਸ਼ੀ ਦੇ ਦਸ ਪੜਾਅ ਦਸਦੇ ਹਨ। ਅਖ਼ੀਰਲਾ ਪੜਾਅ ਹੈ — ਨਸਲਕੁਸ਼ੀ ਤੋਂ ਮੁੱਕਰ ਜਾਣਾ; ਅਪਣਾ ਕਸੂਰ ਮੰਨੋਂ ਹੀ ਨਾ। ਜਰਵਾਣੇ ਦਾ ਅਪਣੇ ਕੀਤੇ ਪਾਪਾਂ ਤੋਂ ਮੁੱਕਰਨਾ ਖ਼ਤਰਨਾਕ ਹੁੰਦਾ ਏ, ਇਹ ਭਵਿੱਖ ਵਿਚ ਮੁੜ ਨਸਲਕੁਸ਼ੀ ਦਾ ਰਾਹ ਪੱਧਰਾ ਕਰਦਾ ਏ। ਇਸ ਪੜਾਅ ਵਿਚ: ਸ਼ਿਕਾਰ ਹੋਏ ਲੋਕਾਂ ਦੀ ਗਿਣਤੀ ਘਟਾ ਕੇ ਪੇਸ਼ ਕੀਤੀ ਜਾਂਦੀ ਏ। ਸਮੂਹਕ ਕਬਰਾਂ ਪੁੱਟੀਆਂ ਜਾਂਦੀਆਂ ਹਨ। ਸਬੂਤ ਮਿਟਾ ਦਿੱਤੇ ਜਾਂਦੇ ਹਨ। ਸ਼ਿਕਾਰ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ। ਨਸਲਕੁਸ਼ੀ ਨੂੰ "ਦੰਗੇ" ਜਾਂ "ਦਹਿਸ਼ਤਗਰਦੀ ਵਿਰੋਧੀ ਕਾਰਵਾਈ" ਕਿਹਾ ਜਾਂਦਾ ਹੈ। ਕਤਲੇਆਮ ਨੂੰ ਜਾਇਜ਼ ਠਹਿਰਾਇਆ ਜਾਂਦਾ ਏ। ਸੱਚ ਬੋਲਣ ਵਾਲ਼ਿਆਂ ਨੂੰ ਵੱਖਵਾਦੀ ਤੇ ਭੜਕਾਊ ਆਖਿਆ ਜਾਂਦਾ ਏ ਤੇ ਉਨ੍ਹਾਂ ਨੂੰ ਸਜ਼ਾਯਾਫ਼ਤਾ ਕੀਤਾ ਜਾਂਦਾ ਏ। ਬੀਤੇ ਨੂੰ ਭੁੱਲ ਜਾਣ ਦੀਆਂ ਨਸੀਹਤਾਂ ਦਿੱਤੀਆਂ ਜਾਂਦੀਆਂ ਹਨ। ਸਾਡੀ ਕੌਮ ਦੇ ਨਾਲ ਇਹ ਸਭ ਹੋਇਆ ਹੈ। ਜੇ ਅਸੀਂ ਸੱਚ ਨੂੰ ਸਾਂਭਦੇ ਨਹੀਂ, ਤਾਂ ਝੂਠ ਰਾਜ ਕਰਦਾ ਹੈ। ਇਸ ਕਰਕੇ, ਜਸਵੰਤ ਸਿੰਘ ਤੋਂ ਪ੍ਰੇਰਿਤ ਹੋ ਕੇ, ਮੈਂ ਵੀ ਫ਼ੈਸਲਾ ਕੀਤਾ -

ਸਿਰਫ਼ ਵਰਲਾਪ ਨਹੀਂ ਕਰੀ ਜਾਣਾ, ਸੱਚ ਨੂੰ ਸਾਂਭਣਾ ਹੈ।
ਸਿਰਫ਼ ਸੋਗ ਨਹੀਂ ਕਰਨਾ, ਸੋਚਣਾ ਵੀ ਹੈ।
ਸਿਰਫ਼ ਯਾਦ ਨਹੀਂ ਕਰਨਾ, ਧਿਆਨ ਵੀ ਧਰਨਾ ਹੈ।
ਇਹੀ ਜਸਵੰਤ ਸਿੰਘ ਦੀ ਕਮਾਈ ਹੈ।

ਅਤੇ ਇਹੀ ਉਹ ਸਾਡੇ ਕੋਲ਼ੋਂ ਚਾਹੁੰਦਾ ਸੀ — ਕਿ ਦਿਲੋਂ ਕਦੇ ਭੁਲਾਵਣਾ ਨਹੀਂ। ਸੋਚਣਾ ਹੈ। ਵਿਚਾਰਨਾ ਹੈ। ਅੱਗੇ ਦਾ ਰਾਹ ਇਖ਼ਤਿਆਰ ਕਰਨਾ ਹੈ।

**-ਗੁਰਮੀਤ ਕੌਰ, www.pippal.org**

# ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥




ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

"ਸ਼ਹੀਦ ਸਰਦਾਰ ਜਸਵੰਤ ਸਿੰਘ ਖਾਲੜਾ ਜੀ ਨੇ ਸਿਰ ਦਿੱਤਾ, ਪਰ ਸੱਚ ਤੋਂ ਪਿੱਛੇ ਨਾ ਹਟੇ।

ਇਹੀ ਖਾਲਸਾਈ ਰਵਾਇਤ ਹੈ — ਕੁਰਬਾਨੀ, ਸ਼ਹਾਦਤ ਅਤੇ ਚੜ੍ਹਦੀ ਕਲਾ!"

"ਧਰਮ ਦੀ ਖਾਤਰ ਜਿਹੜਾ ਕੁਰਬਾਨ ਹੋਇਆ,

ਉਹ ਸ਼ਹੀਦ ਕਦੇ ਮਰਦੇ ਨਹੀਂ — ਉਹ ਸਚਖੰਡ ਵਾਸੀ ਬਣਦੇ ਹਨ।"

ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ ਸੋਚ ਨੂੰ ਪ੍ਰਣਾਮ<br>
ਸ਼ਹੀਦਾਂ ਦੀ ਯਾਦ ਵਿੱਚ ਲਗਣਗੇ ਹਰ ਸਾਲ ਮੇਲੇ,<br>
ਕੌਮ ਲਈ ਮਿਟਣ ਵਾਲੇ ਦਾ ਬਾਕੀ ਇਹੀ ਨਿਸ਼ਾਨ ਰਹੇਗਾ।

ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ, ਕੌਮੀ ਯੋਧੇ ਭਾਈ ਜਸਵੰਤ ਸਿੰਘ ਖਾਲੜਾ ਜੀ ਨੂੰ ਸਿਰ ਨਿਵਾ ਕੇ ਪ੍ਰਣਾਮ।

ਆਵਾਜ਼ਿ ਕੌਮ AWAZE QAUM International Newspaper & WEB TV

ਉਹ ਸ਼ਹੀਦ ਜਿਨ੍ਹਾਂ ਨੇ ਸੱਚ ਅਤੇ ਇਨਸਾਫ਼ ਦੀ ਰਾਹ 'ਤੇ ਆਪਣੀ ਕੁਰਬਾਨੀ ਦਿੱਤੀ।

ਭਾਈ ਖਾਲੜਾ ਜੀ ਨੇ ਹਜ਼ਾਰਾਂ ਗੁੰਮਸ਼ੁਦਾ ਨੌਜਵਾਨਾਂ ਦੀਆਂ ਅਵਾਜ਼ਾਂ ਨੂੰ ਜਗਾਇਆ ਅਤੇ ਜ਼ੁਲਮ ਦੇ ਸਾਹਮਣੇ ਡਟ ਕੇ ਸੱਚ ਦਾ ਸੂਰਜ ਬਣੇ।


ਮਨੁੱਖੀ ਅਧਿਕਾਰਾਂ ਲਈ ਆਪਣੀ ਜ਼ਿੰਦਗੀ ਕੁਰਬਾਨ ਕੀਤੀ।

ਅੱਜ ਵੀ ਉਹਨਾਂ ਦੀ ਸ਼ਹਾਦਤ ਸਾਨੂੰ ਯਾਦ ਦਿਵਾਉਂਦੀ ਹੈ ਕਿ ਸੱਚ ਦੀ ਰਾਹ ਕਦੇ ਮੁੱਕਦੀ ਨਹੀਂ।

ਪਰ ਸ਼ਰਮ ਹੈ ਅੰਨੀ ਤੇ ਗੂੰਗੀ ਨਿਆਂ ਪ੍ਰਣਾਲੀ 'ਤੇ<br>
ਜੋ ਜ਼ਾਲਿਮਾਂ ਨੂੰ ਬਚਾਉਂਦੀ ਰਹੀ<br>
ਅਤੇ ਸੱਚ ਦੀ ਅਵਾਜ਼ ਨੂੰ ਮਿਟਾਉਂਦੀ ਰਹੀ।<br>
ਖਾਲੜਾ ਜੀ ਅਮਰ ਰਹੇ<br>
ਸੱਚ ਦੀ ਜੋਤ ਸਦਾ ਜਗਦੀ ਰਹੇ

**ਵੱਲੋਂ- ਜਰਨੈਲ ਸਿੰਘ ਸਟਾਕਟਨ**

# ਪੰਜਾਬ ਵਿਚ ਹੜ੍ਹ ਕੁਦਰਤੀ ਕਰੋਪੀ ਜਾਂ ਫਿਰ ਸਿਆਸੀ ਬਦਇੰਤਜਾਮੀ ?



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

**1947** ਤੋਂ ਬਾਅਦ ਪੰਜਾਬ ਚ ਹਰ ਦੂਜੇ ਚੌਥੇ ਸਾਲ ਹੜ੍ਹ ਆਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਹੜ੍ਹ ਆਉਂਦੇ ਹਨ, ਸਭ ਕੁੱਝ ਰੋੜ੍ਹਕੇ ਲੈ ਜਾਂਦੇ ਹਨ , ਲੋਕਾਂ ਦੀਆਂ ਫਸਲਾਂ, ਘਰ ਘਾਟ ਆਦਿ ਸਭ ਫਨਾਹ ਕਰ ਜਾਂਦੇ ਹਨ । ਸਰਕਾਰਾਂ ਹੜ੍ਹਪੀੜਤਾਂ ਨੂੰ ਭਰੋਸੇ ਦੇਂਦੀਆਂ ਹਨ, ਨੇਤਾ ਤੇ ਮੰਤਰੀ ਲੋਕ ਹੜ੍ਹਪੀਤਤ ਖੇਤਰਾਂ ਦੇ ਤੂਫਾਨੀ ਦੌਰੇ ਕਰਦੇ ਹਨ, ਮੀਡੀਆ ਤੇ ਸ਼ੋਸ਼ਲ ਮੀਡੀਆ ਵਿਚ ਖਬਰਾਂ, ਫੋਟੋ ਤੇ ਵੀਡੀਓ ਕਲਿਪਾਂ ਪਾ ਕੇ ਲੋਕਾਂ ਨੂੰ ਬੁੱਧੂ ਬਣਾਉਂਦੇ ਹਨ ਤੇ ਫਿਰ ਢਾਕ ਕੇ ਤੀਨ ਪਾਤ, ਪਰਨਾਲਾ ਉਥੇ ਦਾ ਉਥੇ, ਚਾਰ ਦਿਨ ਜ਼ੁਬਾਨੀ ਕਲਾਮੀ ਗੱਲਾਂ ਦਾ ਕੜਾਹ ਤੇ ਗੱਲ ਖਤਮ । 1955, 1988, 1993, 1995 ਤੇ 2023 ਵਿਚ ਹੜ੍ਹਾਂ ਦਾ ਜੋ ਪਰਕੋਪ ਦੇਖਿਆ ਸੀ, ਹੁਣ ਵਾਲਾ ਅਗਲੇ ਪਿਛਲੇ ਸਾਰੇ ਰਿਕਾਰਡ ਤੋੜ ਗਿਆ ਹੈ । ਪੰਜਾਬ ਵਿਚ ਜਿਧਰ ਨਜਰ ਮਾਰੋ, ਪਾਣੀ ਹੀ ਪਾਣੀ ਨਜਰ ਆਉਂਦਾ ਹੈ, ਲਗਭਗ 50 ਕੀਮਤੀ ਜਾਨਾਂ ਇਸ ਹੜ੍ਹ ਦੀ ਭੇਟ ਚੜ੍ਹ ਚੁੱਕੀਆਂ ਹਨ, ਅਜੇ ਹੋਰ ਕਿੰਨੀਆ ਚੜ੍ਹਨੀਆਂ, ਇਹ ਸੋਚਕੇ ਮਨ ਨੂੰ ਡੋਬੂ ਪੈਂਦੇ ਹਨ, ਕਰੋੜਾਂ ਦਾ ਮਾਲੀ ਨੁਕਸਾਨ ਹੋ ਚੁੱਕਾ ਹੈ, ਘਰ ਘਾਟ, ਡੰਗਰ ਵੱਛਾ, ਜਮੀਨ ਜਾਇਦਾਦ ਤੇ ਫਸਲਾਂ ਸਭ ਤਬਾਹੀ ਹੀ ਤਬਾਹੀ ਦਾ ਮੰਜਿਰ ਨਜਰ ਆਉਂਦਾ ਹੈ । ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਲਗਭਗ 1500 ਪਿੰਡ ਸਤਲੁਜ, ਬਿਆਸ ਤੇ ਰਾਵੀ ਦਰਿਆਵਾਂ ਵਿਚਲੇ ਡੈਮਾਂ ਤੋ ਛੱਡੇ ਗਏ ਬੇਤਹਾਸ਼ਾ ਪਾਣੀ ਨਾਲ ਪੂਰੀ ਤਰਾਂ ਜਲ ਮਗਨ ਹਨ । ਬੇਸ਼ੱਕ ਭਾਰਤ ਦਾ ਨੈਸ਼ਨਲ ਮੀਡੀਆਂ ਪੰਜਾਬ ਵਿਚਲੇ ਹੜ੍ਹਾਂ ਦੀ ਕਵਰੇਜ ਉਸ ਤਰਾਂ ਨਹੀਂ ਕਰ ਰਿਹਾ, ਜਿਸ ਤਰਾਂ ਦਿੱਲੀ ਸਮੇਤ ਦੇਸ਼ ਦੇ ਹੋਰਨਾਂ ਸੂਬਿਆਂ ਦੀ ਕਰ ਰਿਹਾ ਹੈ, ਪਰ ਸ਼ੋਸ਼ਲ ਮੀਡੀਏ ਉੱਤੇ ਜੋ ਕਵਰੇਜ ਹੋ ਰਹੀ ਹੈ, ਉਸ ਨੂੰ ਦੇਖ ਕੇ ਲੂ ਕੰਡੇ ਖੜ੍ਹੇ ਹੋ ਰਹੇ ਹਨ । ਦੇਸ਼ ਦਾ ਪ੍ਰਧਾਨ ਮੰਤਰੀ ਅਫਗਾਨਿਸਤਾਨ ਵਿਚ ਆਏ ਭੂਚਾਲ ਬਾਰੇ ਤਾਂ ਉਥੋਂ ਦੀ ਸਰਕਾਰ ਨੂੰ ਦੋ ਘੰਟੇ ਬਾਅਦ ਹੀ ਫੋਨ ਕਰਕੇ ਸਹਾਇਤਾ ਕਰਨ ਦਾ ਭਰੋਸਾ ਦੇ ਰਿਹਾ ਹੈ, ਪਰ ਪਿਛਲੇ ਦੋ ਹਫਤਿਆਂ ਤੋਂ ਚੱਲ ਰਹੇ ਪੰਜਾਬ ਦੇ ਮੌਜੂਦਾ ਹਾਲਾਤਾਂ ਬਾਰੇ ਕੁੱਝ ਵੀ ਬੋਲਣ ਤੋਂ ਨਾਬਰ ਹੈ । ਦੂਜੇ ਪਾਸੰ ਪੰਜਾਬ ਸਰਕਾਰ ਵੀ ਇਸ ਮਾਮਲੇ ਚ ਲਾਚਾਰ ਤੇ ਬੇਬਸ ਜਿਹੀ ਹੀ ਨਜਰ ਆ ਰਹੀ ਹੈ , ਮੁੱਖ ਮੰਤਰੀ ਭਗਵੰਤ ਮਾਨ ਦੀ ਤਬੀਅਤ ਨਾਸਾਜ਼ ਚੱਲ ਰਹੀ ਤੇ ਬਾਕੀ ਸਰਕਾਰੀਤੰਤਰ ਵਜੀਰ ਵਗੈਰਾ ਮਗਰ ਮੱਛ ਦੇ ਹੰਝੂ ਵਹਾਉਣ ਤੋਂ ਵੱਧ ਕੁੱਝ ਵੀ ਨਹੀਂ ਕਰ ਰਹੇ ।

ਪੰਜਾਬ ਦੇ ਬਹੁਤ ਸਾਰੇ ਕਲਾਕਾਰ, ਜਿਹਨਾਂ ਵਿਚ ਦਲਜੀਤ ਦੁਸਾਂਝ, ਐਮੀ ਵਿਰਕ, ਬੱਬੂ ਮਾਨ, ਕਪਿਲ ਸ਼ਰਮਾ, ਸੋਨੂੰ ਸੂਦ, ਸੋਨੀਆ ਮਾਨ, ਸੁਨੰਦਾ ਸ਼ਰਮਾ, ਇੰਦਰਜੀਤ ਨਿੱਕੂ, ਗੁਰਪਰੀਤ ਘੁੱਗੀ ਆਦਿ ਦੇ ਨਾਮ ਜਿਕਰਯੋਗ ਹਨ, ਇਸ ਔਖੀ ਘੜੀ ਚ ਹੜ੍ਹ ਪੀੜਤਾਂ ਨਾਲ ਦੁੱਖ ਵੰਡਾਉਣ ਲਈ ਮੋਢੇ ਨਾਲ ਮੋਢਾ ਡਾਹ ਕੇ ਖੜ੍ਹੇ ਹੋਏ ਹਨ । ਇਸ ਅਤਿ ਦੀ ਔਖੀ ਘੜੀ ਚ ਹੜ੍ਹਪੀੜਤਾਂ ਨਾਲ ਖਾਲਸਾ ਏਡ, ਐਸ ਪੀ ਐਸ ਉਬਰਾਏ, ਸਲਮਾਨ ਖਾਨ, ਐਕਟਰ ਰਜਾ ਮੁਰਾਦ , ਤੇ ਰਾਜ ਕੁੰਦਰਾ ਨੇ ਵੀ ਹਰ ਪੱਖੋਂ ਵੱਡੀ ਮੱਦਦ ਕਰਨ ਦਾ ਐਲਾਨ ਕੀਤਾ ਹੈ ਜੋ ਕਿ ਮੌਕੇ ਦੀ ਮੰਗ ਮੁਤਾਬਿਕ ਬਹੁਤ ਹੀ ਭਲਾ ਕਾਰਜ ਹੈ ।

ਪਿਛਲੇ ਕਈ ਅਰਸਿਆਂ ਤੋਂ ਇਹ ਉਕਤ ਵਰਤਾਰਾ ਇਸੇ ਤਰਾਂ ਚਲਦਿਆਂ ਦੇਖ ਕੇ ਹਰ ਪੰਜਾਬੀ ਦੇ ਮਨ ਚ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਇਹ ਵਾਕਈ ਹੀ ਕੁਦਰਤੀ ਕਰੋਪੀ ਵਾਲੇ ਹੜ੍ਹ ਹਨ ਜਾਂ ਇਹਨਾਂ ਹੜ੍ਹਾਂ ਦੇ ਪਿਛੇ ਪੰਜਾਬ ਨੂੰ ਬਰਬਾਦ ਕਰਨ ਦੀ ਕੋਈ ਗਹਿਰੀ ਸ਼ਾਜਿਸ਼ ਹੈ ? ਇਹ ਸਵਾਲ ਮੌਕੇ ਦੀ ਨਜ਼ਾਕਤ ਮੁਤਾਬਿਕ ਬਹੁਤ ਸਾਰਥਿਕ ਤੇ ਸੰਜੀਦਾ ਹੈ । ਜੇਕਰ ਇਸ ਸੰਬੰਧੀ ਕੁੱਝ ਪੁਣ ਛਾਣ ਕਰੀਏ ਤਾਂ ਇਸ ਸਵਾਲ ਦੇ ਉੱਤਰ ਵਜੋਂ ਕਈ ਪਹਿਲੂ ਸਾਹਮਣੇ ਆਉਂਦੇ ਹਨ ।

ਆਵਾਜ਼ਿ ਕੌਮ AWAZE QAUM International Newspaper & WEB TV

ਇਹ ਜਿਕਰਯੋਗ ਹੈ ਕਿ ਪੰਜਾਬ ਵਿਚਲੇ ਡੈਮਾਂ ਤੇ ਹਾਈਡਲ ਪਰੋਜੈਕਟਾਂ ਦਾ ਸਾਰਾ ਕੰਟਰੋਲ ਕੇਂਦਰ ਸਰਕਾਰ ਦੇ ਹੱਥਾਂ ਚ ਹੈ । ਇਸ ਕਰਕੇ ਕੇਂਦਰ ਸਰਕਾਰ ਦੇ ਹੁਕਮਾਂ ਤੋਂ ਬਿਨਾ ਕੁੱਝ ਵੀ ਸੰਭਵ ਨਹੀਂ । ਭਾਰਤ ਵਿਚ ਰਾਜਨੀਤੀ ਕਿਸ ਤਰਾਂ ਦੀ ਹੈ, ਇਸ ਬਾਰੇ ਕੁੱਝ ਵੀ ਦੱਸਣ ਜਾਂ ਸਮਝਾਉਣ ਦੀ ਲੋੜ ਨਹੀਂ , ਦੇਸ਼ ਦੇ ਜਿਹਨਾਂ ਸੂਬਿਆਂ ਵਿਚ ਕੇਂਦਰ ਚ ਕਾਬਜ਼, ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਹਨਾਂ ਵਿਚ ਕੀ ਕੁੱਝ ਹੋ ਰਿਹਾ ਹੈ , ਇਹ ਕੋਈ ਲੁਕਿਆ ਛਿਪਿਆ ਨਹੀਂ । ਜਿਸ ਮੁਲਕ ਵਿਚ ਫਰਜੀ ਵੋਟਾਂ ਤੇ ਵੋਟਾਂ ਦੀ ਚੋਰੀ ਦਾ ਸ਼ੋਰ ਹੋਵੇ, ਉਥੇ ਇਹ ਮੰਨਿਆ ਜਾ ਸਕਦਾ ਹੈ ਕਿ ਪੰਜਾਬ ਵਿਚਲੇ ਹੜ੍ਹ ਵੀ ਦੇਸ਼ ਵਿਚਲੀ ਅਤਿ ਦਰਜੇ ਦੀ ਗੰਦੀ ਤੇ ਘਟੀਆ ਸਿਆਸੀ ਸਾਜਸ਼ ਦੀ ਕਾਲੀ ਕਰਤੂਤ ਹੋ ਸਕਦੇ ਹਨ ।

ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਬਾਦਲ ਇਸ ਹੁਣਵੇਂ ਹੜ੍ਹ ਨੂੰ ਦੇਖ ਕੇ ਦਰਿਆਈ ਬੰਨ੍ਹਾਂ ਦੀ ਕੰਕਰੀਟ ਉਸਾਰੀ ਕਰਨ ਦਾ ਸੁਝਾਅ ਦਿੰਦਾ ਹੈ ਤੇ ਭਰੋਸਾ ਦੇਂਦਾ ਹੈ ਕਿ ਜੇਕਰ ਪੰਜਾਬ ਵਿਚ ਮੁੜ ਅਕਾਲੀਆਂ ਦੀ ਸਰਕਾਰ ਬਣਦੀ ਹੈ ਤਾਂ ਇਹ ਉਕਤ ਕੰਮ ਪਹਿਲ ਦੇ ਅਧਾਰ 'ਤੇ ਕੀਤਾ ਜਾਵੇਗਾ । ਸ ਪਰਕਾਸ਼ ਸਿੰਘ ਬਾਦਲ ਪੰਜ ਵਾਰ ਮੁੱਖ ਮੰਤਰੀ ਰਹੇ ਤੇ ਇਕ ਵਾਰ ਉਹਨਾਂ ਨਾਲ ਕਾਕਾ ਜੀ ਡਿਪਟੀ ਮੁੱਖ ਮੰਤਰੀ ਵੀ ਰਹੇ, ਹੁਣ ਸਵਾਲ ਇਹ ਹੈ ਕਿ ਉਦੋਂ ਕਿਓਂ ਨਾ ਇਹਨਾਂ ਨੂੰ ਦਰਿਆਈ ਬੰਨ੍ਹ ਪੱਕੇ ਕਰਨ ਦੀ ਸੁੱਝੀ , ਇਹ ਯਾਦ ਹੁਣ ਹੀ ਕਿਓਂ ਆਈ ਹੈ ? ਹੁਣ ਤੁਸੀਂ ਆਪ ਸਮਝ ਲਓ ਕਿ ਇਹਨਾਂ ਲੋਕਾਂ ਨੂੰ ਕਿਸੇ ਦੇ ਦੁੱਖ ਦਾ ਨਹੀਂ, ਬਲਕਿ ਹਰ ਸਮੇਂ ਆਪਣੀਆਂ ਸਿਆਸੀ ਰੋਟੀਆਂ ਸੇਕਣਾ ਹੀ ਸੁਝਦਾ ਹੈ । ਜਿਕਰਯੋਗ ਕਿ ਪਾਣੀ ਚ ਬੱਸਾਂ ਤੇ ਲੁਧਿਆਣੇ ਵਿਚ ਮੈਟਰੋ ਰੇਲ ਚਲਾਉਣ ਦਾ ਵਾਅਦਾ ਵੀ ਇਸੇ ਪਾਰਟੀ ਨੇ ਕੀਤਾ ਸੀ । ਮੈ ਨਿੱਜੀ ਤੌਰ 'ਤੇ ਕਿਸੇ ਸਿਆਸੀ ਪਾਰਟੀ ਦਾ ਨਾ ਹੀ ਵਿਰੋਧੀ ਹਾਂ ਤੇ ਨਾ ਹੀ ਹਿਮਾਇਤੀ, ਪਰ ਜੋ ਸੱਚ ਹੈ, ਉਸ ਦਾ ਸ਼ੀਸ਼ਾ ਦਿਖਾਉਣ ਵਾਸਤੇ ਇਹ ਉਕਤ ਉਦਾਹਰਣਾ ਦੇਣੀਆਂ ਬਣਦੀਆਂ ਹਨ ।




ਜਿਸ ਤਰਾਂ ਮੈਂ ਪਹਿਲਾਂ ਕਿਹਾ ਕਿ ਪੰਜਾਬ ਵਿਚਲੇ ਦਰਿਆਈ ਡੈਮਾਂ ਦਾ ਪਰਬੰਧ, ਦੇਸ਼ ਦੀ ਕੇਂਦਰ ਸਰਕਾਰ ਦੇ ਹੱਥਾਂ ਚ ਹੈ , ਅਮਲਾ ਫੈਲਾ ਵੀ ਬਹੁ ਗਿਣਤੀ ਚ ਪੰਜਾਬੋਂ ਬਾਹਰਲਾ ਹੀ ਹੈ, ਅਜਿਹੇ ਹਾਲਾਤਾਂ ਵਿਚ ਜੇਕਰ ਕੋਈ ਬਦ ਇੰਤਜਾਮੀ ਹੁੰਦੀ ਹੈ ਤਾਂ ਉਸ ਦੀ ਜਵਾਬ ਤਲਬੀ ਪੰਜਾਬ ਸਰਕਾਰ ਦੇ ਵਸ ਦੀ ਗੱਲ ਹੀ ਨਹੀਂ ਤੇ ਸੈਂਟਰ ਦੀ ਭਾਜਪਾ ਸਰਕਾਰ ਪੰਜਾਬ ਨਾਲ ਜੋ ਮਤਰੇਆ ਸਲੂਕ ਕਰ ਰਹੀ ਹੈ, ਉਸ ਤੋਂ ਅੰਦਾਜਾਂ ਲਾਉਣਾ ਕੋਈ ਬਹੁਤੀ ਔਖੀ ਗੱਲ ਹੈ ਹੀ ਨਹੀਂ । ਜੇਕਰ ਡੈਮਾਂ ਵਿਚੋਂ ਪਾਣੀ ਦਾ ਪਰਵਾਹ ਇੱਕ ਸੈੱਟ ਲੀਵਲ ਦੇ ਮੁਤਾਬਿਕ ਨਿਰੰਤਰ ਦਰਿਆਵਾਂ, ਨਹਿਰਾਂ ਤੇ ਖਾਲਾਂ ਵਿਚ ਪਰਵਾਹਤ ਰੱਖਿਆ ਜਾਵੇ ਤਾਂ ਹੜ੍ਹਾਂ ਦੀ ਨੌਬਤ ਬਹੁਤ ਘੱਟ ਆਵੇਗੀ, ਪਰ ਜੇਕਰ ਡੈਮਾਂ ਵਿਚ ਪਾਣੀ ਪਹਿਲਾਂ ਉਪਰਲੇ ਲੀਵਲ ਤੱਕ ਸਟੋਰ ਕਰ ਲਿਆ ਜਾਵੇ ਤੇ ਫਿਰ ਇਕ ਦਮ ਫਲੱਡ ਗੇਟ ਖੋਹਲ ਦਿੱਤੇ ਜਾਣ ਤਾਂ ਫਿਰ ਜੋ ਹਾਲਾਤ ਪੰਜਾਬ ਵਿਚ ਇਸ ਵੇਲੇ ਬਣੇ ਹੋਏ ਹਨ, ਉਹਨਾਂ ਦਾ ਹੋਣਾ ਕਦਾਚਿਤ ਵੀ ਕੁਦਰਤੀ ਵਰਤਾਰਾ ਹੋਣ ਦੀ ਬਜਾਏ ਸਿਆਸੀਤੰਤਰ ਦੀ ਬਦ ਇੰਤਜਾਮੀ ਕਹਿਣਾ ਸੌ ਫੀਸਦੀ ਬੇਹਤਰ ਹੋਵੇਗਾ ।

ਪੰਜਾਬ ਵਿਚ ਇਸ ਵੇਲੇ ਹਰ ਪਾਸੇ ਸੜਕਾਂ ਦਾ ਜਾਲ ਵਿਛ ਚੁੱਕਾ ਹੈ, ਖੇਤੀ ਦਾ ਬਹੁਤ ਵੱਡਾ ਰਕਬਾ, ਕਲੋਨੀਆਂ ਦੇ ਹੇਠ ਆ ਚੁੱਕਾ, ਝੋਨੇ ਵਰਗੀ ਫਸਲ ਨੇ ਧਰਤੀ ਦੀ ਜੀਰਨ ਸਮਰੱਥਾ ਬਾਂਝ ਕਰ ਦਿੱਤੀ ਹੈ, ਜੰਗਲਾਂ ਦਾ ਉਜਾੜਾ ਬੇਤਹਾਸ਼ਾ ਹੋ ਚੁੱਕਾ ਹੈ, ਹਿਮਾਚਲ ਚ ਬਿਨਾ ਕਿਸੇ ਪਲਾਨਿੰਗ ਉਸਾਰੀਆਂ ਵੱਡੀਆਂ ਇਮਾਰਤਾਂ ਤੇ ਹੋਟਲ ਵਗੈਰਾ ਪਹਾੜਾਂ ਦੇ ਖਿਸਕਣ ਦੀ ਵਜ੍ਹਾ ਬਣਕੇ ਵੱਡੀ ਤਬਾਹੀ ਵਜੋਂ ਸਾਹਮਣੇ ਆ ਰਹੇ ਹਨ । ਪੂਰੇ ਪੰਜਾਬ ਵਿਚ ਇਕ ਦੋ ਇਲਾਕਿਆਂ ਨੂੰ ਛਡਕੇ ਜੰਗਲ ਕਿਥੇ ਰਹਿ ਗਏ ਹਨ ? ਮੈਨੂੰ ਤਾਂ ਲਗਦਾ ਹੈ ਕਿ ਪੰਜਾਬ ਸਰਕਾਰ ਨੇ ਜੰਗਲਾਤ ਮਹਿਕਮਾ ਵੀ ਬੰਦ ਕਰ ਦਿੱਤਾ ਹੋਵੇਗਾ, ਜੇਕਰ ਅਜਿਹਾ ਨਹੀਂ ਕੀਤਾ ਤਾਂ ਫਿਰ ਇਹ ਲੰਗੜਾ ਲੂਲਾ ਤੇ ਸਹਿਕਦਾ ਤਾਂ ਜਰੂਰ ਹੀ ਹੋਵੇਗਾ । ਜੰਗਲਾਤਾਂ ਜਾਂ ਬੀੜ ਹੜ੍ਹਾਂ ਨੂੰ ਰੋਕਣ ਵਾਸਤੇ ਕਾਫੀ ਸਹਾਈ ਹੁੰਦੇ ਸਨ, ਪਰ ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਗਲਤੀ ਕੋਈ ਹੋਰ ਕਰੇ ਤੇ ਉਸ ਦਾ ਖਮਿਆਜਾ ਅਸੀਂ ਸਾਰੇ ਭੁਗਤ ਰਹੇ ਹਾਂ । ਇਸ ਨੂੰ ਵੀ ਬਦਇੰਤਜਾਮੀ ਹੀ ਕਿਹਾ ਜਾ ਸਕਦਾ ਹੈ । ਇਸ ਬਦਇੰਤਜਾਮੀ ਵਾਸਤੇ ਜੇਕਰ ਵੱਡੇ ਵੱਡੇ ਮਗਰ ਮੱਛ ਕਸੂਰਵਾਰ ਹਨ ਤਾਂ ਕਿਤੇ ਨ ਕਿਤੇ ਗਲਤੀ ਤਾਂ ਅਸੀਂ ਵੀ ਕੀਤੀ ਹੈ ਜੋ ਅਜੇ ਵੀ ਕਰ ਤੇ ਕਰਵਾਈ ਜਾ ਰਹੇ ਹਾਂ ।

ਆਵਾਜ਼ਿ ਕੌਮ AWAZE QAUM International Newspaper & WEB TV

ਜਿਥੋਂ ਤੱਕ ਪੰਜਾਬ ਸਰਕਾਰ ਦੀ ਗੱਲ ਹੈ । ਕਹਿ ਸਕਦੇ ਹਾਂ ਕਿ ਆਏ ਸਾਲ ਹੜ੍ਹਾਂ ਦੇ ਇਸ ਪਰਕੋਪ ਵਾਸਤੇ ਜਿੰਮੇਵਾਰ ਹੈ । ਦਰਿਆਵਾਂ, ਨਹਿਰਾਂ, ਨਾਲਿਆਂ, ਚੋਆਂ ਤੇ ਸਾਇਫਨਾ ਦੀ ਬਰਸਾਤ ਦਾ ਸੀਜਨ ਸ਼ੁਰੂ ਹੋਣ ਤੋਂ ਪਹਿਲਾਂ ਸਾਫ ਸਫਾਈ ਦਾ ਜਿੰਮਾ ਰਾਜ ਸਰਕਾਰ ਦਾ ਹੁੰਦਾ ਹੈ । ਜੇਕਰ ਇਹ ਕਾਰਜ ਵੇਲੇ ਸਿਰ ਕਰ ਲਿਆ ਜਾਵੇ ਤਾਂ ਇਸ ਤਰਾਂ ਕਰਨ ਨਾਲ ਪਾਣੀ ਦਾ ਵਹਾਅ ਆਪਣਾ ਨਵਾਂ ਰਸਤਾ ਬਣਾ ਕੇ ਤਬਾਹੀ ਮਚਾਉਣ ਦੀ ਬਜਾਏ ਬੇਰੋਕ ਰਵਾ ਰਵੀ ਅਗਾਂਹ ਨਿਕਲ ਜਾਂਦਾ ਹੈ, ਜਿਸ ਕਰਕੇ ਬਹੁਤ ਵੱਡਾ ਰਕਬਾ ਹੜ੍ਹਾਂ ਦੇ ਮਾਰੂ ਪਰਭਾਵ ਤੋਂ ਬਚ ਸਕਦਾ ਹੈ, ਪਰ ਇਸ ਤਰਾਂ ਦਾ ਕੁੱਝ ਵੀ ਸਰਕਾਰਾਂ ਵਲੋਂ ਨਹੀਂ ਕੀਤਾ ਜਾਂਦਾ । ਇਸ ਸੰਬੰਧੀ ਜੋ ਫੰਡ ਰਾਖਵੇਂ ਕੀਤੇ ਗਏ ਹੁੰਦੇ ਹਨ, ਉਹਨਾਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਜਾਂ ਇੰਜ ਕਹਿ ਲਓ ਕਿ ਫੰਡ ਸਰਕਾਰੀ ਕਾਗਜ਼ਾਂ ਵਿਚ ਹੀ ਇਧਰ ਉਧਰ ਖੁਰਦ ਬੁਰਦ ਕਰ ਦਿੱਤੇ ਜਾਂਦੇ ਹਨ । ਇਹ ਗੱਲ ਵੀ ਪੂਰੇ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਜੇਕਰ ਕਿਸੇ ਪਿੰਡ ਦੇ ਗੰਦੇ ਪਾਣੀ ਵਾਲੇ ਨਿਕਾਸੀ ਛੱਪੜ ਦੀ ਸਫਾਈ ਬਰਸਾਤ ਤੋਂ ਪਹਿਲਾਂ ਚੰਗੀ ਤਰਾਂ ਕਰ ਜਾਂ ਕਰਵਾ ਲਈ ਜਾਵੇ ਤਾਂ ਇਸ ਤਰਾਂ ਕਰਨ ਨਾਲ, ਇਹ ਜਰੂਰੀ ਨਹੀਂ ਕਿ ਉਸ ਨਾਲ ਹੜ੍ਹ ਰੋਕਿਆ ਜਾ ਸਕੇ, ਹਾਂ, ਪਰ ਇਸ ਤਰਾਂ ਕਰਨ ਨਾਲ ਸੰਬੰਧਿਤ ਪਿੰਡ ਨੂੰ ਕੁੱਝ ਸਮੇਂ ਤੱਕ ਹੜ੍ਹ ਤੋਂ ਰਾਹਤ ਜਰੂਰ ਮਿਲ ਸਕੇਗੀ । ਜੇਕਰ ਇਸੇ ਤਰਾਂ ਪੰਜਾਬ ਦੇ ਸਾਰੇ ਪਿੰਡਾਂ ਵਿਚ ਕੀਤਾ ਜਾਵੇ ਤਾਂ ਬਰਸਾਤ ਦੇ ਸੀਜਨ ਵੇਲੇ ਪਿੰਡਾਂ ਦੇ ਲੋਕਾਂ ਨੂੰ ਹੜ੍ਹਾਂ ਦੀ ਮਾਰ ਤੋਂ ਰਾਹਤ ਮਿਲ ਸਕਦੀ ਹੈ । ਸਰਕਾਰ ਨੂੰ ਵੀ ਚਾਹੀਦਾ ਹੈ ਕਿ ਹੜ੍ਹਾਂ ਦੇ ਪਾਣੀ ਨੂੰ ਬਰਸਾਤ ਤੋਂ ਬਾਦ ਵਰਤਣ ਵਾਸਤੇ ਸਟੋਰ ਕਰਨ ਦੀ ਕੋਈ ਯੋਜਨਾ ਤਿਆਰ ਕਰੇ । ਇਸ ਤਰਾਂ ਕਰਨ ਨਾਲ ਜਿਥੇ ਹੜ੍ਹਾਂ ਦੀ ਰੋਕਥਾਮ ਵਿਚ ਮੱਦਦ ਮਿਲੇਗੀ, ਇਸ ਦੇ ਨਾਲ ਹੀ ਗਰਮੀਆ ਦੀ ਰੁੱਤ ਵਿਚ ਪਾਣੀ ਦੀ ਕਿੱਲਤ ਸਮੇਂ, ਉਹ ਜਮਾ ਕੀਤਾ ਹੋਇਆ ਪਾਣੀ ਵਰਤਿਆ ਜਾ ਸਕਦਾ ਹੈ ।

ਪੰਜਾਬ ਦੇ ਲੋਕ ਸੇਵਾ ਭਾਵਨਾ ਦੇ ਹਿਰਦੇ ਵਾਲੇ ਹਨ । ਏਹੀ ਕਾਰਨ ਹੈ ਕਿ ਸਰਬੱਤ ਦਾ ਭਲਾ ਲੋੜਦੇ ਹਨ, ਦੀਸਰਿਆਂ ਦੇ ਦੁੱਖ ਨੂੰ ਆਪਣਾ ਮੰਨਦੇ ਹੋਏ ਕਿਸੇ ਵੀ ਮੁਸੀਬਤ ਸਮੇਂ ਦੂਸਰਿਆਂ ਦੀ ਨਿਰ ਸਵਾਰਥ ਖੁਲ੍ਹੇ ਦਿਲ ਨਾਲ ਮੱਦਦ ਕਰਦੇ ਹਨ, ਪਰ ਵਿਡੰਬਣਾ ਦੇਖੋ ਕਿ ਜਿੰਨੀ ਵਾਰ ਵੀ ਪੰਜਾਬੀਆਂ ਉੱਤੇ ਕੋਈ ਆਫਤ ਆਈ ਹੈ, ਉਨੀ ਵਾਰ ਹੀ ਉਹਨਾਂ ਨੇ ਉਸ ਮੁਸ਼ਕਲ ਦਾ ਮੁਕਾਬਲਾ ਆਪਣੇ ਸਿਰ ਖੁਦ ਹੀ ਕੀਤਾ ਹੈ, ਹਰਿਆਣੇ ਤੋਂ ਇਲਾਵਾ ਕਿਸੇ ਹੋਰ ਰਾਜ ਤੋਂ ਕਦੇ ਵੀ ਕਿਸੇ ਨੇ ਆ ਕੇ ਮੱਦਦ ਤਾਂ ਕੀ ਕਰਨੀ ਹੈ, ਕਦੇ ਸੱਚੇ ਝੂਠਿਓ ਹਾਅ ਦਾ ਨਾਹਰਾ ਵੀ ਨਹੀਂ ਮਾਰਿਆ । ਕਿਸੇ ਕੁਦਰਤੀ ਆਫਤ ਸਮੈ ਗੁਜਰਾਤ ਵਿਚ ਜਾ ਕੇ ਪੰਜਾਬੀ ਉਥੋਂ ਦੇ ਲੋਕਾਂ ਦੇ ਮੁੜ ਵਸੇਬੇ ਲਈ ਮੱਦਦ ਕਰ ਸਕਦੇ ਹਨ, ਪਰ ਅਡਾਨੀ, ਅੰਬਾਨੀ ਇਕ ਫੁੱਟੀ ਕੌਡੀ ਵੀ ਨਹੀਂ ਖਰਚਣਗੇ । ਦਰਅਸਲ ਇਸੇ ਨੂੰ ਹੀ ਸੰਸਕਾਰ, ਸੱਭਿਆਚਾਰ, ਔਕਾਤ ਤੇ ਵਿਰਸਾ ਕਹਿੰਦੇ ਹਨ । ਸੋ ਸਾਨੂੰ ਆਪਣੀ ਕੀਤੀ ਨੇਕੀ ਦੇ ਇਵਜ ਵਿਚ ਕਿਸੇ ਤੋਂ ਕੋਈ ਆਸ ਰੱਖਣ ਦੀ ਬਜਾਏ ਆਪਣੇ ਵਿਰਸੇ ਨਾਲ ਜੁੜਕੇ ਆਪਣੇ ਸੰਸਕਾਰਾਂ ਮੁਤਾਬਿਕ ਅੱਗੇ ਵਧਦੇ ਰਹਿਣਾ ਚਾਹੀਦਾ ਹੈ ਤੇ ਅਜਿਹਾ ਕਰਦੇ ਹੋਏ ਹੁਣ ਅੱਗੋਂ ਤੋਂ ਆਪਣੇ ਹਿੱਤ ਸਭ ਤੋਂ ਪਹਿਲਾਂ ਸੁਰੱਖਿਅਤ ਕਰਨ ਦੀ ਆਦਤ ਵੀ ਪਾ ਲੈਣੀ ਚਾਹੀਦੀ ਹੈ ।

ਇਸ ਵੇਲੇ ਪੰਜਾਬ ਦੇ ਹਾਲਾਤ ਬਹੁਤ ਹੀ ਚਿੰਤਾਜਨਕ ਹਨ । ਬੇਸ਼ੱਕ ਇਹਨਾਂ ਹਾਲਾਤਾਂ ਉੱਤੇ ਅਸੀਂ ਪੰਜਾਬੀ ਰਲ ਮਿਲਕੇ ਸਮੇ ਸਮੇ ਆਈਆ ਪਹਿਲੀਆਂ ਆਫਤਾਂ ਵਾਂਗ ਹੀ ਕਾਬੂ ਪਾ ਲਵਾਂਗੇ, ਪਰ ਇਸ ਤੋਂ ਸਬਕ ਸਿੱਖ ਕੇ ਭਵਿੱਖ ਵਿਚ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਹਰ ਦੂਜੇ ਤੀਜੇ ਸਾਲ ਇਹ ਵਰਤਾਰਾ ਮੁੜ ਮੁੜ ਕੇ ਨਾ ਵਾਪਰੇ । ਇਸ ਦਾ ਪੱਕਾ ਬਾਨਣੂ ਬੰਨ੍ਹਣ ਵਾਸਤੇ ਸਮਾਜਕ ਤੇ ਸਿਆਸੀ ਪੱਖਾਂ ਤੋਂ ਕੋਈ ਠੋਸ ਨੀਤੀ ਤਿਆਰ ਕਰਕੇ ਉਸ ਉੱਤੇ ਅਮਲ ਕਰਨਾ ਜਰੂਰੀ ਹੋਵੇਗਾ, ਨਹੀਂ ਤਾਂ ਇਹ ਕਦੇ ਡੋਬਾ ਤੇ ਕਦੇ ਸੋਕਾ ਵਾਲਾ ਸਿਲਸਿਲਾ ਬਦਸਤੂਰ ਜਾਰੀ ਰਹੇਗਾ। ••

## ਵੇਰਕਾ ਮਿਲਕ ਪਲਾਂਟ ਸੰਗਰੂਰ ਤੋਂ ਹੜ੍ਹ ਪੀੜਤ ਇਲਾਕਿਆਂ ਲਈ

# ਤਿੰਨ ਟਰੱਕ ਰਾਹਤ ਸਮੱਗਰੀ ਭੇਜੀ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਪੰਜਾਬ ਵਿੱਚ ਪਿਛਲੇ ਦਿਨਾਂ ਤੋਂ ਬਣੀ ਹੜ੍ਹਾਂ ਦੀ ਸਥਿਤੀ ਕਾਰਨ ਕਈ ਪਿੰਡ ਪਾਣੀ ਨਾਲ ਪ੍ਰਭਾਵਿਤ ਹੋ ਗਏ ਹਨ ।ਇਸ ਗੰਭੀਰ ਸਥਿਤੀ ਦੇ ਮੱਦੇਨਜ਼ਰ ਮਿਲਕਫੈਡ ਪੰਜਾਬ ਵੱਲੋਂ ਹੜ੍ਹ ਪੀੜਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ ।ਇਸ ਕੜੀ ਦੇ ਤਹਿਤ ਅੱਜ ਵੇਰਕਾ ਮਿਲਕ ਪਲਾਂਟ ਸੰਗਰੂਰ ਤੋਂ ਹੜ੍ਹ ਪੀੜਤਾਂ ਲਈ ਤਿੰਨ ਟਰੱਕ ਨਰਿੰਦਰ ਸਿੰਘ ਸ਼ੇਰਗਿੱਲ, ਚੇਅਰਮੈਨ, ਮਿਲਕਫੈਡ ਪੰਜਾਬ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤੇ ਗਏ। ਇਸ ਮੌਕੇ ਨਰਿੰਦਰ ਸਿੰਘ ਸ਼ੇਰਗਿੱਲ ਵੱਲੋਂ ਦੱਸਿਆ ਗਿਆ ਕਿ ਇਸ ਸਮੇਂ ਪੰਜਾਬ ਵਿੱਚ ਜਿਹੜੇ ਖੇਤਰਾਂ ਵਿੱਚ ਹੜ੍ਹ ਆਏ ਹੋਏ ਹਨ, ਉਥੇ ਮਿਲਕਫੈਡ ਪੰਜਾਬ ਅਧੀਨ ਆਉਦੇਂ ਵੱਖ-ਵੱਖ ਵੇਰਕਾ ਮਿਲਕ ਪਲਾਂਟਾਂ ਵੱਲੋਂ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ ਤਾਂਕਿ ਇਸ ਦੁੱਖ ਦੀ ਘੜੀ ਵਿੱਚ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਸਕੇ ।ਉਹਨਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਮਿਲਕਫੈਡ ਪੰਜਾਬ ਜਿਥੇ ਦੁੱਧ ਉਤਪਾਦਕ ਕਿਸਾਨਾਂ ਦੀ ਬੇਹਤਰੀ ਲਈ ਹਮੇਸ਼ਾਂ ਯਤਨਸ਼ੀਲ ਹੈ ਉਥੇ ਇਹ ਵਿਭਾਗ ਪੰਜਾਬ ਉਤੇ ਆਉਦੀ ਹਰ ਪ੍ਰੇਸ਼ਾਨੀ ਵਿੱਚ ਲੋਕਾਂ ਦੀ ਮਦਦ ਲਈ ਵਧ ਚੜ੍ਹ ਕੇ ਹਿੱਸਾ ਲੈਂਦਾ ਹੈ। ਇਸ ਮੌਕੇ ਬਲਜੀਤ ਕੌਰ ਪਤਨੀ ਅਮਰੀਕ ਸਿੰਘ ਸੋਹੀ ਚੇਅਰਪਰਸਨ ਵੇਰਕਾ ਮਿਲਕ ਪਲਾਂਟ ਸੰਗਰੂਰ, ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ ਡਾਇਰੈਕਟਰ, ਹਰਜਿੰਦਰ ਸਿੰਘ ਜਨਰਲ ਮੈਨਜਰ, ਮਿਲਕਫੈਡ ਪੰਜਾਬ ਦੇ ਨੁਮਾਇੰਦੇ ਸੁਰਜੀਤ ਸਿੰਘ ਭਦੌੜ, ਜਨਰਲ ਮੈਨੇਜਰ ਕੈਟਲਫੀਡ ਪਲਾਂਟ ਖੰਨਾ, ਅਨਿਮੇਸ਼ ਪ੍ਰਮਾਣਿਕ ਜਨਰਲ ਮੈਨੇਜਰ ਵੇਰਕਾ ਮਿਲਕ ਪਲਾਂਟ ਪਟਿਆਲਾ, ਪਰਦੀਪ ਮਲੋਹਤਰਾ, ਸੁਖਚੈਨ ਸਿੰਘ ਮੈਨੇਜਰ ਇੰਜ:, ਏ.ਕੇ ਸੈਨ ਇੰਚਾਰਜ ਉਤਪਾਦਨ, ਕੁਸਮ ਲਤਾ ਇੰਚਾਰਜ ਕੁਆਲਟੀ, ਮਨੋਜ ਕੁਮਾਰ ਇੰਚਾਰਜ ਮੰਡੀਕਰਨ, ਜਸਬੀਰ ਕੌਰ ਇੰਚਾਰਜ ਲੇਖਾ, ਸਪਨਦੀਪ ਸਿੰਘ ਇੰਚਾਰਜ ਦੁੱਧ ਪ੍ਰਾਪਤੀ ਹਾਜ਼ਰ ਸਨ।

**ਮਿਲਕ.ਫੈਡ ਪੰਜਾਬ ਉਤੇ ਆਉਦੀ ਹਰ ਪ੍ਰੇਸ਼ਾਨੀ ਵਿੱਚ ਲੋਕਾਂ ਦੀ ਮਦਦ ਲਈ ਵਧ ਚੜ੍ਹ ਕੇ ਹਿੱਸਾ ਲੈਂਦਾ - ਚੇਅਰਮੈਨ ਸ਼ੇਰਗਿੱਲ**

## ਗੁਰਦੁਆਰਾ ਨਾਨਕਸਰ ਠਾਠ ਛਾਂਗਾ ਖੁਰਦ ਵੱਲੋਂ

# ਹੜ੍ਹ ਪੀੜਤਾਂ ਲਈ ਰਾਸ਼ਨ, ਪਸ਼ੂਆਂ ਲਈ ਫੀਡ ਵੰਡੀ ਗਈ










**ਫ਼ਿਰੋਜ਼ਪੁਰ, 6 ਸਤੰਬਰ (ਮਨੋਹਰ ਲਾਲ)** :— ਸਪੁਰਦਾਇ ਨਾਨਕਸਰ ਸਮੇਂ—ਸਮੇਂ ਤੇ ਪੰਜਾਬ, ਹਰਿਆਣਾ, ਰਾਜਸਥਾਨ ਕੁਦਰਤੀ ਕਰੋਪੀ ਵਿਚ ਹਰ ਵੇਲੇ ਪੰਜਾਬ ਦੇ ਕਿਸਾਨਾਂ ਦੀ ਮੱਦਦ ਕਰਦੀ ਹੈ, ਭਾਵੇਂ ਕਿ ਪੰਜਾਬ ਵਿਚ ਹੜ੍ਹਾਂ ਵਿਚ ਘਿਰੇ ਲੋਕਾਂ ਦੀ ਭਾਵੇਂ ਦੇਸ਼ ਵਿਚ ਕਰੋਨਾਂ ਵਰਗੀ ਭੈੜੀ ਬਿਮਾਰੀ ਹੋਵੇ ਹਮੇਸ਼ਾ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜਦੀ ਹੈ, ਇਸ ਵੇਲੇ ਵੀ ਹੜ੍ਹਾਂ ਦੇ ਬਾਰਡਰ ਨਾਲ ਲੱਗਦੇ ਸਤਲੁਜ਼ ਦਰਿਆ, ਰਾਵੀ, ਬਿਆਸ ਨਦੀਆਂ ਨੇ ਇਕ ਵਾਰ ਫਿਰ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ ਹੈ, ਜਿਸ ਵਿਚ ਗੁਰਦੁਆਰਾ ਭੁਚੋ ਸਾਹਿਬ ਦੇ ਸਤਿਕਾਰਯੋਗ ਬਾਬਾ ਸੰਤ ਬਾਬਾ ਸੁਖਦੇਵ ਸਿੰਘ ਜੀ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਦਿਨ ਰਾਤ ਮੱਦਦ ਕਰ ਰਹੇ ਹਨ ਅਤੇ ਇਸ ਤਰ੍ਹਾਂ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਸਤਿਕਾਰਯੋਗ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਵੀ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਦੀ ਦਿਨ ਰਾਤ ਸੇਵਾ ਕਰ ਰਹੇ ਹਨ। ਅੱਜ ਉਨ੍ਹਾਂ ਪਿੰਡ ਗੱਟੀ ਰਾਜੋਕੀ, ਟੇਂਡੀ ਵਾਲਾ ਅਤੇ ਹੋਰ ਪਿੰਡਾਂ ਵਿਚ ਖਾਣ ਲਈ ਰਾਸ਼ਨ, ਪਸ਼ੂਆਂ ਲਈ ਫੀਡ ਆਦਿ ਵੰਡ ਰਹੇ ਹਨ। ਇਸ ਮੌਕੇ ਤੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਗੁਰਬਖਸ਼ ਸਿੰਘ ਚੰਨਾ, ਭਾਈ ਰਮਨਦੀਪ ਸਿੰਘ, ਭਾਈ ਸ਼ੇਰ ਸਿੰਘ ਤੋਂ ਇਲਾਵਾ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ ਆਦਿ ਵੀ ਹੜ੍ਹ ਪੀੜਤਾਂ ਦੇ ਘਰਾਂ ਵਿਚ ਰਾਸ਼ਨ ਵੰਡ ਰਹੇ ਹਨ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਕਿਹਾ ਕਿ ਇਹ ਕੁਦਰਤੀ ਕਰੋਪੀ ਹੈ ਅਤੇ ਇਸ ਵਾਰ ਬਹੁਤ ਭਾਰੀ ਬਾਰਿਸ਼ ਹੋਈ ਹੈ, ਜਿਸ ਨਾਲ ਪੰਜਾਬ ਵਿਚ ਹੜ੍ਹ ਆਏ ਹਨ, ਸਾਨੂੰ ਹੜ੍ਹ ਪੀੜਤਾਂ ਦੀ ਹਰ ਪੱਖੋਂ ਮੱਦਦ ਕਰਨੀ ਚਾਹੀਦੀ ਹੈ।

# ਬਜਾਜ ਡੈਂਟਲ ਕਲੀਨਿਕ ਵੱਲੋਂ ਦੰਦਾਂ ਦਾ ਮੁਫਤ ਮੈਡੀਕਲ ਕੈਂਪ

**ਫ਼ਿਰੋਜ਼ਪੁਰ, 6 ਸਤੰਬਰ (ਮਨੋਹਰ ਲਾਲ)** :— ਬਜਾਜ ਡੈਂਟਲ ਕਲੀਨਿਕ ਬਾਗੀ ਰੋਡ ਨਜ਼ਦੀਕ ਰਘੂਨਾਥ ਮੰਦਿਰ ਫਿਰੋਜ਼ਪੁਰ ਸ਼ਹਿਰ ਵਿਖੇ 6 ਸਤੰਬਰ ਅਤੇ 7 ਸਤੰਬਰ 2025 ਨੂੰ ਦੰਦਾਂ ਦੀਆਂ ਬਿਮਾਰੀਆਂ ਦਾ ਮੁਫਤ ਮੈਡੀਕਲ ਕੈਂਪ ਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾਕਟਰ ਨਿਤਿਨ ਬਜਾਜ ਅਤੇ ਡਾਕਟਰ ਮੀਨਾਕਸ਼ੀ ਬਜਾਜ ਨੇ ਦੱਸਿਆ ਕਿ ਦੰਦਾਂ ਦੀਆਂ ਵੱਖ—ਵੱਖ ਬਿਮਾਰੀਆਂ ਸਬੰਧੀ ਮਰੀਜ਼ਾਂ ਨੂੰ ਜਾਗਰੂਕ ਕੀਤਾ ਜਾਵੇਗਾ ਅਤੇ ਇਲਾਜ ਕੀਤਾ ਜਾਵੇਗਾ। ਇਸ ਕੈਂਪ ਵਿੱਚ ਬੀ.ਸੀ ਫੌਂਡਰੇਸ਼ਨ ਕੈਨੇਡਾ ਅਤੇ ਸਟਰੀਮ ਲਾਈਨ ਵੈਲਫੇਅਰ ਸੋਸਾਇਟੀ ਰਜਿਸਟਡ ਐਨ.ਜੀ.ਓ ਫਿਰੋਜਪੁਰ ਵੱਲੋਂ ਇਸ ਕੈਂਪ ਨੂੰ ਸਫਲ ਬਣਾਉਣ ਹਿੱਤ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਆਪਣੇ ਦੰਦਾਂ ਦਾ ਚੈਕਅਪ ਕਰਾਉਣ ਲਈ ਵੱਡੀ ਗਿਣਤੀ ਵਿੱਚ ਮਰੀਜ਼ਾਂ ਵੱਲੋਂ ਰਜਿਸਟਰੇਸ਼ਨ ਕਰਵਾਈ ਜਾ ਰਹੀ ਹੈ। ਇਸ ਮੌਕੇ ਬਜਾਜ ਡੈਂਟਲ ਕਲੀਨਿਕ ਦੇ ਡਾਕਟਰ ਨਿਤਿਨ ਬਜਾਜ, ਡਾਕਟਰ ਮੀਨਾਕਸ਼ੀ ਬਜਾਜ ਤੇ ਸਟਾਫ ਤੋਂ ਇਲਾਵਾ ਸਟਰੀਮ ਲਾਈਨ ਵੈਲਫੇਅਰ ਸੋਸਾਇਟੀ ਫਿਰੋਜ਼ਪੁਰ ਦੇ ਅਹੁਦੇਦਾਰ ਦੀਵਾਨ ਚੰਦ ਸਖੀਜਾ ਚੇਅਰਮੈਨ, ਕਿਸ਼ਨ ਚੰਦ ਜਾਗੋਵਾਲੀਆ ਪ੍ਰਧਾਨ, ਪ੍ਰਵੀਨ ਕੁਮਾਰ ਜਨਰਲ ਸਕੱਤਰ, ਰਮੇਸ਼ ਬਜਾਜ ਸੀਨੀਅਰ ਮੀਤ ਪ੍ਰਧਾਨ ਤੇ ਕੁਆਰਡੀਨੇਟਰ ਰਾਮ ਕਿਸ਼ੋਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਰੀਜ਼ ਹਾਜ਼ਰ ਸਨ।




# ਭੀਮ ਸਿੰਘ ਭੁੱਲਰਹੇੜੀ ਕਾਂਗਰਸ ਦੇ ਐਸ ਸੀ ਸੈਲ ਦੇ ਚੇਅਰਮੈਨ ਨਿਯੁਕਤ



**ਧੂਰੀ ( ਰਣਜੀਤ ਸਿੰਘ ਪੇਧਨੀ )**-ਕਾਂਗਰਸ ਪਾਰਟੀ ਵੱਲੋਂ ਧੂਰੀ ਵਿੱਚ ਇੱਕ ਅਹਿਮ ਨਿਯੁੱਕਤੀ ਕਰਦੇ ਹੋਏ ਭੀਮ ਸਿੰਘ ਭੁੱਲਰਹੇੜੀ ਨੂੰ ਐਸ ਸੀ ਸੈਲ ਦਿਹਾਤੀ 2 ਦਾ ਚੈਅਰਮੇਨ ਨਿਯੁੱਕਤ ਕੀਤਾ ਗਿਆ। ਪਿੰਡ ਭੁੱਲਰਹੇੜੀ ਵਿੱਚ ਕਰਵਾਏ ਸਮਾਗਮ ਦੌਰਾਨ ਐਸ ਸੀ ਸੈਲ ਦੇ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਜੱਸੀ, ਸੀਨੀਅਰ ਕਾਂਗਰਸੀ ਆਗੂ ਅੰਮ੍ਰਿਤ ਬਰਾੜ ਕਾਂਝਲਾ ਵੱਲੋਂ ਭੀਮ ਸਿੰਘ ਭੁੱਲਰਹੇੜੀ ਨੂੰ ਨਿਯੁੱਕਤੀ ਪੱਤਰ ਸੋਪਿਆ ਗਿਆ। ਸਮਾਗਮ ਦੌਰਾਨ ਸ੍ਰੀ ਜੱਸੀ ਨੇ ਕਿਹਾ ਕਾਂਗਰਸ ਪਾਰਟੀ ਵਿੱਚ ਹਰ ਵਰਗ ਦੇ ਲੋਕਾਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾ ਰਿਹਾ ਤੇ ਭਵਿੱਖ ਵਿੱਚ ਹੋਰ ਅਹਿਮ ਨਿਯੁਕਤੀਆ ਕੀਤੀਆਂ ਜਾਣਗੀਆ । ਇਸ ਮੌਕੇ ਭੀਮ ਸਿੰਘ ਭੁੱਲਰਹੇੜੀ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋ ਦਿੱਤੀ ਇਸ ਅਹਿਮ ਜ਼ਿੰਮੇਵਾਰੀ ਨੂੰ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਉਣਗੇ ਤੇ ਐਸ ਸੀ ਦੇ ਪਰਿਵਾਰ ਨੂੰ ਹੋਰ ਵੱਡਾ ਕਰਨਗੇ। ਇਸ ਮੌਕੇ ਅੰਮ੍ਰਿਤ ਬਰਾੜ ਕਾਂਝਲਾ ਨੇ ਕਿਹਾ ਪੰਜਾਬ ਅੰਦਰ ਅਗਲੀ ਸਰਕਾਰ ਕਾਂਗਰਸ ਪਾਰਟੀ ਦੀ ਬਣੇਗੀ ਤੇ ਮੋਜੂਦਾ ਪੰਜਾਬ ਸਰਕਾਰ ਹਰ ਫਰੰਟ ਤੇ ਫੇਲ੍ਹ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਪੰਜਾਬ ਦੇ ਲੋਕ ਵੱਡੀ ਪੱਧਰ ਤੇ ਕਾਂਗਰਸ ਪਾਰਟੀ ਨਾਲ ਜੁੜ ਰਹੇ ਹਨ। ਇਸ ਮੌਕੇ ਉੱਪਰ ਸੰਮਤੀ ਮੈਂਬਰ ਦੀਦਾਰ ਸਿੰਘ ਕਾਂਝਲਾ, ਨਛੱਤਰ ਸਿੰਘ ਭੁੱਲਰਹੇੜੀ, ਗੋਬਿੰਦ ਸਿੰਘ ਹੋਰ ਵੱਡੀ ਪੱਧਰ ਤੇ ਲੋਕ ਹਾਜ਼ਰ ਸਨ।

# ਨਿਸ਼ਕਾਮ ਸੇਵਾ ਕਦੇ ਬਿਰਥੀ ਨਹੀਂ ਜਾਂਦੀ : ਲਖਬੀਰ ਸਿੰਘ ਮਹਾਲਮ



ਫ਼ਿਰੋਜ਼ਪੁਰ, 6 ਸਤੰਬਰ (ਮਨੋਹਰ ਲਾਲ) :— ਕੀਤੀ ਹੋਈ ਨਿਸ਼ਕਾਮ ਸੇਵਾ ਕਦੇ ਬਿਰਥੀ ਨਹੀਂ ਜਾਂਦੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪੰਜਾਬ ਪ੍ਰਧਾਨ ਭਾਈ ਲਖਬੀਰ ਸਿੰਘ ਮਹਾਲਮ ਨੇ ਕਿਹਾ ਕਿ ਪਿੰਡ ਬੱਗੇ ਕੇ ਪਿੱਪਲ ਦੇ ਵਿਚ ਰਹਿੰਦੇ ਸੰਤੋਖ ਸਿੰਘ ਖਾਲਸਾ ਅਤੇ ਉਨ੍ਹਾਂ ਦੀ ਧਰਮ ਪਤਨੀ ਗੁਰਜੀਤ ਕੌਰ ਖਾਲਸਾ ਵੱਲੋਂ ਹਰ ਤਰ੍ਹਾਂ ਦੇ ਧਾਰਮਿਕ ਜਾਂ ਸਮਾਜਿਕ ਸੇਵਾਵਾਂ ਵਿਚ ਵੱਧ ਚੜ੍ਹ ਕੇ ਸੇਵਾ ਕਰਦੇ ਹਨ। ਉਨ੍ਹਾਂ ਕਿਹਾ ਕਿ ਸੰਤੋਖ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਜ਼ਿਲ੍ਹਾ ਪ੍ਰਧਾਨ ਦੇ ਤੌਰ ਤੇ ਧਾਰਮਿਕ ਸੇਵਾਵਾਂ ਵਿਚ ਜਥੇਬੰਦੀ ਵਿਚ ਬਹੁਤ ਵਧੀਆ ਸੇਵਾਵਾਂ ਕਰਦੇ ਹਨ। ਇਸ ਤੋਂ ਇਲਾਵਾ ਸਮਾਜ ਸੇਵਾ ਜਿਵੇਂ ਕਿਸੇ ਲੋੜਵੰਦ ਲਾਚਾਰ ਦਾ ਇਲਾਜ, ਕਿਸੇ ਦਾ ਘਰ ਬਨਾਉਣਾ ਜਾਂ ਕਿਸੇ ਲੋੜਵੰਦ ਲਈ ਰਾਸ਼ਨ ਆਦਿ ਦਾ ਸਹਿਯੋਗ ਕਰਨਾ ਅਦਿ ਸੇਵਾਵਾਂ ਬਾਖੂਬੀ ਨਿਭਾ ਰਹੇ ਹਨ, ਇਸੇ ਤਰ੍ਹਾਂ ਉਨ੍ਹਾਂ ਦੀ ਧਰਮਪਤਨੀ ਗੁਰਜੀਤ ਕੌਰ ਵੀ ਸੇਵਾ ਵਿਚ ਆਪਣਾ ਯੋਵਦਾਨ ਪਾਉਂਦੇ ਹਨ। ਉਨ੍ਹਾਂ ਦੱਸਿਆ ਕਿ ਲਗਭਗ ਪਿਛਲੇ ਦੋ ਸਾਲਾਂ ਤੋਂ ਗੁਰਜੀਤ ਕੌਰ ਖਾਲਸਾ ਪਿੰਡ ਬੱਗੇ ਕੇ ਪਿੱਪਲ ਵਿਚ ਲੜਕੀਆਂ ਨੂੰ ਮੁਫਤ ਸਿਲਾਈ ਦੀ ਸਿਖਿਆ ਦੇ ਰਹੇ ਹਨ, ਜਿਥੇ ਹੁਣ ਤੱਕ ਬਹੁਤ ਸਾਰੀਆਂ ਲੜਕੀਆਂ ਸਿਲਾਈ ਸਿੱਖ ਕੇ ਆਪਣਾ ਰੋਜ਼ਗਾਰ ਚਲਾ ਰਹੀਆਂ ਹਨ। ਬੀਤੇ ਦਿਨੀਂ ਸੰਤੋਖ ਸਿੰਘ ਨੇ ਆਪਣੇ ਘਰ ਧਾਰਮਿਕ ਪ੍ਰੋਗਰਾਮ ਕੀਤੇ ਸੰਗਤ ਨਾਲ ਮਿਲ ਕੇ ਸਿਮਰਨ ਕੀਤਾ, ਪਾਠ ਕੀਤਾ ਉਪਰੰਤ ਪੰਥ ਦੀ ਚੜ੍ਹਦੀ ਕਲਾਂ ਅਤੇ ਹੜ੍ਹਾਂ ਦੀ ਕਰੋਪੀ ਤੋਂ ਲੋਕਾਂ ਦੇ ਭਲੇ ਵਾਸਤੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ। ਇਸ ਮੌਕੇ ਪ੍ਰਧਾਨ ਲਖਬੀਰ ਸਿੰਘ ਅਤੇ ਜਥੇਬੰਦੀ ਵੱਲੋਂ ਸੰਤੋਖ ਸਿੰਘ ਖਾਲਸਾ, ਗੁਰਜੀਤ ਕੌਰ ਖਾਲਸਾ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਹਰ ਇਕ ਇਨਸਾਨ ਨੂੰ ਆਪਣੀ ਜਿੰਦਗੀ ਵਿਚ ਗੁਰੂ ਸਾਹਿਬਾਨਾਂ ਦੇ ਬਚਨਾਂ ਨੂੰ ਮੰਨਦੇ ਹੋਏ ਮਨੁੱਖਤਾ ਦੀ ਭਲਾਈ ਲਈ ਸਮਾਂ ਦੇਣਾ ਚਾਹੀਦਾ ਹੈ। ਇਸ ਮੌਕੇ ਤੇ ਬਲਦੇਵ ਸਿੰਘ ਮਹਾਲਮ, ਜ਼ਸਪਾਲ ਸਿੰਘ ਮਹਾਲਮ, ਜਗਤਾਰ ਸਿੰਘ ਮਹਾਲਮ, ਹਰਮਨਜੀਤ ਸਿੰਘ ਮਹਾਲਮ, ਬਖਸੀਸ਼ ਸਿੰਘ ਬੱਗੇ ਕੇ ਪਿੱਪਲ, ਸੁਖਦੇਵ ਸਿੰਘ ਬੱਗੇ ਕੇ ਪਿੱਪਲ, ਜ਼ਸਪਾਲ ਸਿੰਘ ਬੱਗੇ ਕੇ ਪਿੱਪਲ ਆਦਿ ਹਾਜ਼ਰ ਸਨ।

# ਐੱਸ.ਡੀ.ਐੱਮ. ਵੱਲੋਂ ਲੋਕਾਂ ਨੂੰ ਬਰਸਾਤ ਦੇ ਮੌਸਮ ਬਾਬਤ ਸਾਵਧਾਨੀਆਂ ਵਰਤਣ ਦੀ ਅਪੀਲ

## ਸੰਵੇਦਨਸ਼ੀਲ ਇਲਾਕਿਆਂ ਵਿਚ ਫੌਗਿੰਗ ਤੇ ਸਫ਼ਾਈ ਮੁਹਿੰਮ ਚਲਾਉਣ ਦੇ ਹੁਕਮ

**ਸੁਨਾਮ ( ਰਣਜੀਤ ਸਿੰਘ ਪੇਧਨੀ )**-ਮੀਂਹ ਦੇ ਮੌਸਮ ਵਿਚ ਡੇਂਗੂ, ਮਲੇਰੀਆ, ਚਿਕਨਗੁਨੀਆ, ਟਾਈਫਾਇਡ ਅਤੇ ਦਸਤ ਆਦਿ ਬਿਮਾਰੀਆਂ ਦੇ ਫੈਲਣ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਸਬੰਧੀ ਐਸ.ਡੀ.ਐਮ. ਸੁਨਾਮ ਊਧਮ ਸਿੰਘ ਵਾਲਾ, ਸ੍ਰੀ ਪ੍ਰਮੋਦ ਸਿੰਗਲਾ ਨੇ ਸੁਨਾਮ ਅਤੇ ਨਜ਼ਦੀਕੀ ਇਲਾਕਿਆਂ ਦੇ ਵਸਨੀਕਾਂ ਨੂੰ ਚੇਤਾਵਨੀ ਦਿੰਦਿਆਂ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਐਸ.ਡੀ.ਐਮ. ਨੇ ਜਨਤਾ ਨੂੰ ਵੱਖ ਵੱਖ ਸਾਵਧਾਨੀਆਂ ਵਰਤਣ ਲਈ ਕਿਹਾ ਹੈ, ਜਿਨ੍ਹਾਂ ਵਿੱਚ ਘਰਾਂ ਅੰਦਰ ਜਾਂ ਬਾਹਰ ਪਾਣੀ ਖੜ੍ਹਾ ਨਾ ਹੋਣ ਦੇਣਾ (ਕੂਲਰਾਂ, ਗਮਲਿਆਂ, ਟਾਇਰਾਂ, ਬੇਕਾਰ ਬਰਤਨਾਂ ਆਦਿ ਵਿਚ)। ਆਸ-ਪਾਸ ਸਫ਼ਾਈ ਰੱਖਣ ਅਤੇ ਪਾਣੀ ਵਾਲੇ ਬਰਤਨ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਖਾਲੀ ਕਰਕੇ ਧੋਣ। ਮੱਛਰਾਂ ਤੋਂ ਬਚਾਅ ਲਈ ਮੱਛਰਦਾਨੀ, ਕ੍ਰੀਮ ਅਤੇ ਪੂਰੀ ਬਾਂਹਾਂ ਵਾਲੇ ਕੱਪੜੇ ਪਾਉਣ। ਪੀਣ ਲਈ ਸਿਰਫ਼ ਸਾਫ਼ ਅਤੇ ਉਬਲੇ ਹੋਏ ਪਾਣੀ ਦੀ ਵਰਤੋਂ ਕਰਨ। ਜੇਕਰ ਬੁਖ਼ਾਰ, ਸਿਰਦਰਦ, ਸਰੀਰ ਦਰਦ, ਉਲਟੀ ਜਾਂ ਖ਼ੂਨ ਆਉਣ ਵਰਗੇ ਲੱਛਣ ਨਜ਼ਰ ਆਉਣ ਤਾਂ ਨਜ਼ਦੀਕੀ ਸਰਕਾਰੀ ਹਸਪਤਾਲ / ਸਿਹਤ ਕੇਂਦਰ ਨਾਲ ਤੁਰੰਤ ਸੰਪਰਕ ਕਰਨ ਵਰਗੀਆਂ ਸਾਵਧਾਨੀਆਂ ਸ਼ਾਮਲ ਹਨ। ਐਸ.ਡੀ.ਐਮ. ਨੇ ਕਿਹਾ ਕਿ ਜਨਤਾ ਦਾ ਸਹਿਯੋਗ ਲਾਜ਼ਮੀ ਹੈ ਤਾਂ ਜੋ ਇਨ੍ਹਾਂ ਬਿਮਾਰੀਆਂ ਉੱਤੇ ਕਾਬੂ ਰੱਖਿਆ ਜਾ ਸਕੇ। ਨਾਲ ਹੀ ਸਬੰਧਤ ਵਿਭਾਗਾਂ ਨੂੰ ਸੰਵੇਦਨਸ਼ੀਲ ਇਲਾਕਿਆਂ ਵਿਚ ਫੌਗਿੰਗ ਤੇ ਸਫ਼ਾਈ ਮੁਹਿੰਮ ਚਲਾਉਣ ਲਈ ਹੁਕਮ ਦਿੱਤੇ ਗਏ ਹਨ। ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਸਾਵਧਾਨ ਰਹੋ, ਸਫ਼ਾਈ ਰੱਖੋ ਅਤੇ ਹੋਰਨਾਂ ਨੂੰ ਵੀ ਜਾਗਰੂਕ ਕਰੋ ਤਾਂ ਜੋ ਅਸੀਂ ਮਿਲਕੇ ਸਿਹਤਮੰਦ ਤੇ ਸੁਰੱਖਿਅਤ ਮਾਹੌਲ ਤਿਆਰ ਕਰ ਸਕੀਏ।

### ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਹੇਠ

# ਗੁਰਦੁਆਰਾ ਵਿੱਰੱਕਤਾ ਤੋਂ ਹੜ੍ਹ ਪੀੜ੍ਹਤਾਂ ਲਈ ਰਸਤਾਂ ਰਵਾਨਾ

## ਸਾਨੂੰ ਹੋਰ ਖਰਚ ਘਟਾ ਕੇ ਹੜ ਪੀੜਤਾਂ ਦੀ ਸੇਵਾ ਤਨ ਮਨ ਧੰਨ ਨਾਲ ਕਰਨੀ ਚਾਹੀਦੀ ਹੈ : ਜਥੇਦਾਰ ਗਿਆਨੀ ਤਿਰਲੋਚਨ ਸਿੰਘ



















**ਚੌਕ ਮਹਿਤਾ, 6 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਦਮਦਮੀ ਟਕਸਾਲ ਜਥਾ ਭਿੰਡਰਾ ਮਹਿਤਾ ਦੀ ਬਰਾਂਚ ਡੇਰਾ ਵਿੱਰਕਤਾਂ ਹੁਸ਼ਿਆਰ ਪੁਰ ਤੋਂ ਜਥੇਦਾਰ ਤਿਰਲੋਚਨ ਸਿੰਘ ਦੇ ਸਹਿਯੋਗ ਅਤੇ ਐਨ ਆਰ ਆਈ ਸੰਗਤਾਂ ਅਤੇ ਇਲਾਕੇ ਦੀਆਂ ਸੰਗਤਾਂ ਸਹਿਯੋਗ ਨਾਲ ਹੜ ਪੀੜਤਾਂ ਲਈ ਖਾਣ ਪੀਣ, ਦੁੱਧ ਪਾਣੀ, ਬਰੈਡ, ਗੁਰੂ ਸਾਹਿਬ ਜੀ ਦੀਆਂ ਲੰਗਰਾਂ ਦੀਆਂ ਵਸਤਾਂ ਅਤੇ ਹੋਰ ਕਾਫੀ ਵਸਤੂਆਂ ਦੀ ਸੇਵਾ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਕੇ ਰਵਾਨਾ ਕੀਤੀਆਂ ਗਈਆਂ।ਸੇਵਾਦਾਰ ਨੌਜਵਾਨ ਆਪਣੀ ਕੀਮਤੀ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ ਡੂੰਘੇ ਪਾਣੀ ਵਿੱਚ ਜਾਕੇ ਸੰਗਤਾਂ ਨੂੰ ਰਸਤਾਂ ਅਤੇ ਗੁਰੂ ਜੀ ਲੰਗਰ ਦੀ ਸੇਵਾ ਕਰ ਰਹੇ ਹਨ। ਇਸ ਮੌਕੇ ਤੇ ਜਥੇਦਾਰ ਗਿਆਨੀ ਤਿਰਲੋਚਨ ਸਿੰਘ ਕਿਹਾ ਕਿ ਸਾਨੂੰ ਹੋਰ ਖਰਚ ਘਟਾ ਕੇ ਹੜ ਪੀੜਤਾਂ ਦੀ ਸੇਵਾ ਤਨ ਮਨ ਧੰਨ ਨਾਲ ਕਰਨੀ ਚਾਹੀਦੀ ਹੈ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ

# ਬੋਬੀਨੀ ਪੈਰਿਸ ਵਿਖੇ ਕਰਵਾਏ ਗਏ ਸ਼ਹੀਦੀ ਸਮਾਗਮ



**ਨਵੀਂ ਦਿੱਲੀ 6 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਗੁਰਦੁਆਰਾ ਸਿੰਘ ਸਭਾ ਬੋਬੀਨੀ ਪੈਰਿਸ ਵਿੱਖੇ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਅਤੇ ਸਮੂਹ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਭਾਈ ਪ੍ਰਸ਼ੋਤਮ ਸਿੰਘ ਬੱਬਰ ਦੇ ਉਪਰਾਲੇ ਸਦਕਾ ਅਤੇ ਸਮੂਹ ਸੰਗਤਾਂ ਵਲੋਂ ਜ਼ਬਰ ਜ਼ੁਲਮ ਨੂੰ ਆਪਣੇ ਸਰੀਰ ਨਾਲ ਬੰਬ ਬੰਨ ਕੇ ਠੱਲ ਪਾਉਣ ਵਾਲੇ ਅਨੌਖੇ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਜਿਸ ਨੇ ਮੌਕੇ ਦੇ ਹਾਕਮ ਬੁੱਚੜ ਬੇਅੰਤੇ ਦਾ ਅੰਤ ਕਰਕੇ ਹਰ ਰੋਜ਼ ਹੋ ਰਹੇ ਝੂਠੇ ਪੁਲਿਸ ਮੁਕਾਬਲਿਆਂ ਨੂੰ ਬੰਨ੍ਹ ਮਾਰਿਆ। ਨਾਲ ਹੀ ਸ਼ਹੀਦ ਜਥੇਦਾਰ ਸੁਖਦੇਵ ਸਿੰਘ ਬੱਬਰ, ਸ਼ਹੀਦ ਭਾਈ ਅਨੋਖ ਸਿੰਘ ਬੱਬਰ, ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ, ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਸ਼ਹੀਦ ਭਾਈ ਬਲਵਿੰਦਰ ਸਿੰਘ ਬੱਬਰ ਜਟਾਣਾ ਅਤੇ ਭਾਈ ਚਰਨਜੀਤ ਸਿੰਘ ਚੰਨਾ ਬੱਬਰ ਸਮੇਤ ਸਮੂੰਹ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਗਏ। ਤਿੰਨੇ ਦਿਨ ਗੁਰੂ ਦਾ ਅਤੁੱਟ ਲੰਗਰ ਵਰਤਿਆ ।ਗੁਰੂ ਘਰ ਦੇ ਵਜੀਰ ਬਾਬਾ ਸਰਦੂਲ ਸਿੰਘ ਜੀ ਨੇ ਕੀਰਤਨ ਅਤੇ ਸ਼ਬਦ ਵਿਚਾਰ ਰਾਹੀਂ ਬਹੁਤ ਹੀ ਜ਼ੋਸ਼ੀਲੇ ਢੰਗ ਨਾਲ ਸ਼ਰਧਾ ਦੇ ਫੁੱਲ ਅਰਪਣ ਕੀਤੇ। ਉਪਰੰਤ ਭਾਈ ਬਸੰਤ ਸਿੰਘ ਪੰਜਹੱਥਾ ਨੇ ਸਟੇਜ ਦੀ ਸੇਵਾ ਸੰਭਾਲਦਿਆਂ ਜਿਥੇ ਸਮੂੰਹ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਉਥੇ ਵੱਖ ਵੱਖ ਬੁਲਾਰਿਆਂ ਨੂੰ ਸੰਗਤਾਂ ਦੇ ਸਨਮੁੱਖ ਕੀਤਾ। ਸਮੂੰਹ ਬੁਲਾਰਿਆਂ ਨੇ ਜਿਥੇ ਭਾਈ ਦਿਲਾਵਰ ਸਿੰਘ ਬੱਬਰ ਦੀ ਅਨੌਖੀ ਸ਼ਹਾਦਤ ਅਤੇ ਸਮੂੰਹ ਸ਼ਹੀਦਾ ਨੂੰ ਸ਼ਰਧਾਂਜਲੀ ਭੇਟ ਕੀਤੀ ਉਥੇ ਨਾਲ ਹੀ ਅੱਜ ਦੇ ਹਾਲਾਤਾਂ ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ 1947 ਵਿੱਚ ਮਾਰਿਆ ਗਿਆ, ਫਿਰ 1984 ਵਿੱਚ, ਫਿਰ ਨਸ਼ਿਆਂ ਦਵਾਰਾ ਅਤੇ ਹੁਣ ਹੜਾਂ ਦਵਾਰਾ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨਾਲ ਵਾਪਰ ਰਹੇ ਵਰਤਾਰਿਆਂ ਦਾ ਇੱਕੋ ਇੱਕ ਹੱਲ ਖਾਲਿਸਤਾਨ ਹੈ। ਉਨ੍ਹਾਂ ਕਿਹਾ ਕਿ ਸਭ ਨੂੰ ਇੱਕ ਮੁੱਠ ਹੋ ਕੇ ਆਪਣੀ ਅਜ਼ਾਦੀ ਲਈ ਹੰਭਲਾ ਮਾਰਨਾ ਚਾਹੀਦਾ ਹੈ। ਭੁਝੰਗੀ ਭਾਈ ਦਿਆ ਸਿੰਘ ਨੇ ਸਮੂੰਹ ਬੰਦੀ ਸਿੰਘਾਂ ਵੱਲੋਂ ਉਨ੍ਹਾਂ ਦੇ ਸਾਥੀ ਮਹਾਨ ਯੋਧੇ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਨੂੰ ਭਾਈ ਜਗਤਾਰ ਸਿੰਘ ਤਾਰਾ ਵਲੋਂ ਭੇਜਿਆ ਗਿਆ ਸ਼ਰਧਾ ਦੇ ਫੁੱਲ ਭੇਟ ਕਰਦਾ ਸੰਦੇਸ਼ ਬਹੁਤ ਹੀ ਸੁਚੱਜੇ ਢੰਗ ਨਾਲ ਪੜ੍ਹ ਕੇ ਸੁਣਾਇਆ। ਅਕਾਲੀ ਦਲ ਅੰਮ੍ਰਿਤਸਰ ਯੌਰਪ ਦੇ ਆਗੂ ਭਾਈ ਚੈਨ ਸਿੰਘ, ਭਾਈ ਗੁਰਦਿਆਲ ਸਿੰਘ ਖਾਲਸਾ, ਫੈਡਰੇਸ਼ਨ ਆਗੂ ਭਾਈ ਕਸ਼ਮੀਰ ਸਿੰਘ ਅਤੇ ਭਾਈ ਰਘਵੀਰ ਸਿੰਘ ਕੋਹਾੜ, ਭਾਈ ਸਤਨਾਮ ਸਿੰਘ ਦੋਆਬਾ, ਭਾਈ ਸ਼ਿਗਾਰਾ ਸਿੰਘ ਮਾਨ, ਜਰਮਨੀ ਤੋਂ ਜਥੇਦਾਰ ਰੇਸ਼ਮ ਸਿੰਘ ਬੱਬਰ ਅਤੇ ਭਾਈ ਰਾਜਿੰਦਰ ਸਿੰਘ ਬੱਬਰ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਨੇ ਇਸ ਗੱਲ ਤੇ ਤਸੱਲੀ ਮਹਿਸੂਸ ਕੀਤੀ ਕਿ ਅੱਜ ਦੁਨੀਆਂ ਭਰ ਵਿੱਚ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ। ਜਰਮਨੀ ਤੋਂ ਭਾਈ ਜਸਵੰਤ ਸਿੰਘ ਨੇ ਵੀ ਇਸ ਸਮਾਗਮ ਵਿੱਚ ਆਪਣੀ ਹਾਜ਼ਰੀ ਲਗਵਾਈ। ਭਾਈ ਦਵਿੰਦਰ ਸਿੰਘ, ਭਾਈ ਪਰਮਜੀਤ ਸਿੰਘ ਸੋਹਲ ਅਤੇ ਭਾਈ ਇਕਬਾਲ ਸਿੰਘ ਖਾਲਸਾ ਨੇ ਆਪਣਾ ਫਰਜ਼ ਨਿਭਾਇਆ। ਭਾਈ ਦਲਜੀਤ ਸਿੰਘ ਨੇ ਕਵਿਤਾ ਦੁਆਰਾ ਸ਼ਰਧਾ ਦੇ ਫੁੱਲ ਭੇਟ ਕੀਤੇ। ਅੰਤ ਵਿੱਚ ਪ੍ਰੋਗਰਾਮ ਦੀ ਸਮਾਪਤੀ ਕਰਦਿਆਂ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

### ਹਾਂ ਪੰਜਾਬੀ ਨਸ਼ਾ ਕਰਦੇ ਨੇ, ਪਰ ਦੁਨਿਆਵੀ ਨਹੀਂ, ਨਿਸ਼ਕਾਮ ਸੇਵਾ ਦਾ

# ਜਾਂ ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ-ਸਤੀਸ਼ ਵਿਦਰੋਹੀ

**ਦੋਸਤੋ** ਗੁਰੂਆਂ ਪੀਰਾਂ ਫਕੀਰਾਂ ਪੈਗੰਬਰਾਂ ਭਗਤ ਦਾਨੀਆਂ ਅਤੇ ਸੂਰਮਿਆਂ ਦੀ ਧਰਤੀ ਪੰਜਾਬ ਪਿਛਲੇ ਕੁਝ ਅਰਸੇ ਤੋਂ ਅਨੇਕਾਂ ਪ੍ਰਕਾਰ ਦੀਆਂ ਤੋਹਮਤਾਂ ਝੱਲਦਾ ਆ ਰਿਹਾ ਹੈ । ਅੰਤਰਰਾਸ਼ਟਰੀ ਪੱਧਰ ਅਤੇ ਭਾਰਤ ਦੇ ਨਕਸ਼ੇ ਉੱਪਰ ਪੰਜਾਬ ਨੂੰ ਨਸ਼ਿਆਂ ਅਤੇ ਹੋਰ ਅਨੇਕਾਂ ਪ੍ਰਕਾਰ ਦੀਆਂ ਕੁਰੀਤੀਆਂ ਵੱਲ ਜਾਂਦਾ ਦਿਖਾਇਆ ਗਿਆ ਹੈ । ਪਰ ਜੇਕਰ ਬਰੀਕੀ ਨਾਲ ਵੇਖਿਆ ਜਾਵੇ ਤਾਂ ਇਸ ਪਿੱਛੇ ਸਾਡੇ ਭਰਿਸ਼ਟ ਅਧਿਕਾਰੀਆਂ, ਲੀਡਰਾਂ ਅਤੇ ਗੁਮਰਾਹ ਹੋਏ ਨੌਜਵਾਨਾਂ ਦਾ ਜਿਆਦਾ ਹੱਥ ਹੈ । ਇਹ ਸਾਰਾ ਤਾਣਾ ਬਾਣਾ ਭੈੜੀ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਪੰਜਾਬ ਨੂੰ ਕਲੰਕਿਤ ਕਰਦਾ ਹੈ । ਅਸਲ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਅਸਲ ਭੂਮਿਕਾ ਦੇਖਣੀ ਹੋਵੇ ਤਾਂ ਜਦੋਂ ਵਿਸ਼ਵ , ਭਾਰਤ ਜਾਂ ਖੁਦ ਪੰਜਾਬ ਤੇ ਸੰਕਟ ਆਉਂਦਾ ਹੈ ਤਾਂ ਇਥੋਂ ਦੇ ਲੋਕਾਂ ਦੀ ਉੱਦਮਤਾ, ਸਾਹਸ ਅਤੇ ਸੇਵਾ ਭਾਵਨਾ ਨੂੰ ਵੇਖਣਾ ਬਹੁਤ ਜਰੂਰੀ ਹੈ । ਜਿਸ ਸੇਵਾ ਭਾਵ ਦੀ ਪ੍ਰੇਰਨਾ ਪੰਜਾਬ ਦੇ ਲੋਕਾਂ ਨੂੰ ਸਿੱਖ ਇਤਿਹਾਸ ਦੇ ਮਹਾਨ ਨਿਸਕਾਮ ਸੇਵਾ ਪੰਥੀ ਭਾਈ ਘਨਈਆ ਤੋਂ ਮਿਲਦੀ ਹੈ । ਦੋਸਤੋ ਜਦੋਂ ਪੰਜਾਬ ਤੇ ਕਿਸਾਨੀ ਸੰਕਟ ਆਇਆ ਉਸ ਸਮੇਂ ਅਤੇ ਜਦੋਂ ਹੁਣ ਤਕਰੀਬਨ ਅੱਧਾ ਪੰਜਾਬ ਹੜਾਂ ਦੀ ਮਾਰ ਕਾਰਨ ਤ੍ਰਾਹੀ ਤ੍ਰਾਹੀ ਕਰ ਰਿਹਾ ਹੈ ਅਜਿਹੇ ਸਮੇਂ ਪੰਜਾਬ ਦਾ ਹਰ ਵਿਅਕਤੀ ਭਾਵੇਂ ਉਹ ਕਿਸੇ ਜਾਤੀ ,ਧਰਮ ਨਾਲ ਸੰਬੰਧਿਤ ਹੋਵੇ ਭਾਵੇਂ ਉਸਦੀ ਸਮਰੱਥਾ ਵੱਧ ਜਾਂ ਘੱਟ ਹੋਵੇ ਉਹ ਤਨੋ,ਮਨੋ, ਧਨੋ ਪੰਜਾਬ ਦੇ ਲੋਕਾਂ ਦੀ ਸੇਵਾ ਵਿੱਚ ਲੱਗਾ ਹੋਇਆ ਹੈ । ਸਾਡੇ ਇਸੇ ਪੰਜਾਬ ਦੇ ਨੌਜਵਾਨ ਜਿਨਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਨਸ਼ੇੜੀ ਜਾਂ ਫਿਰ ਕੰਮਚੋਰ ਗਰਦਾਨਿਆ ਜਾ ਰਿਹਾ ਹੈ ਜਾ ਟਰੈਕਟਰਾਂ ਵਾਲੇ ਫੁਕਰੇ ਵੀ ਪ੍ਰਚਾਰਿਆ ਜਾਂਦਾ ਰਿਹਾ ਹੈ । ਇਹ ਹੜਾਂ ਦੀ ਇਸ ਭਿਅੰਕਰ ਸਥਿਤੀ ਵਿੱਚ ਲੋਕਾਂ ਦੀ ਮਦਦ ਲਈ ਉੱਥੇ ਵੀ ਪਹੁੰਚੇ ਹਨ ਜਿੱਥੇ ਸਰਕਾਰਾਂ ਇੰਨਾ ਵੱਡਾ ਲੋ-ਲਸ਼ਕਰ ਹੋਣ ਦੇ ਬਾਵਜੂਦ ਵੀ ਨਹੀਂ ਪਹੁੰਚ ਸਕੀਆਂ । ਵਿਲੱਖਣ ਗੱਲ ਇਹ ਵੀ ਹੈ ਕਿ ਹੜਾਂ ਵਿੱਚ ਡੁੱਬੇ ਹੋਏ ਪਰਿਵਾਰ ਖਾਸ ਕਰ ਬਜ਼ੁਰਗ ਮਾਤਾਵਾਂ ਅਤੇ ਬਾਪੂ ਪਾਣੀ ਵਿੱਚ ਡੁੱਬੇ ਹੋਏ ਵੀ ਰੱਬ ਦਾ ਸ਼ੁਕਰਾਨਾ ਕਰ ਰਹੇ ਹਨ । ਜੋ ਮਦਦ ਲਈ ਆਉਂਦੇ ਹਨ ਉਹਨਾਂ ਨੂੰ ਕਹਿੰਦੇ ਹਨ ਕਿ ਬੈਠੋ ਚਾਹ ਬਣਾਈਏ ਤੇ ਹਮੇਸ਼ਾ ਚੜਦੀ ਕਲਾ ਵਿੱਚ, ਜਦ ਮਰਜ਼ੀ ਵੇਖ ਲਈ ਆ ਕੇ ਹੱਸਦੇ ਹੀ ਰਹਿੰਦੇ ਹਾਂ ਗੀਤ ਦੀ ਸਾਰਥਕਤਾ ਨੂੰ ਸੱਚ ਕਰ ਰਹੇ ਹਨ । ਜਿਹੜੇ ਨੌਜਵਾਨ ਪੰਜਾਬ ਤੋਂ ਬਾਹਰਲੇ ਦੇਸ਼ਾਂ ਵਿੱਚ ਰਹਿ ਰਹੇ ਹਨ ਉਹਨਾਂ ਵਿੱਚ ਜਜ਼ਬਾ ਦੁਗਣਾ ਹੈ । ਪੰਜਾਬ ਦੇ ਕਲਾਕਾਰ ਭਾਵੇਂ ਉਹ ਕਿਸੇ ਵੀ ਖੇਤਰ ਵਿੱਚ ਆਪਣੀ ਕਲਾਕਾਰੀ ਦੇ ਜੌਹਰ ਵਿਖਾ ਰਹੇ ਹਨ ਉਨਾਂ ਨੇ ਪੰਜਾਬ ਦੇ ਲੋਕਾਂ ਲਈ ਜੋ ਦਰਿਆ ਦਿਲੀ ਦਿਖਾਈ ਹੈ ਇਸ ਦੀ ਮਿਸਾਲ ਸਦੀਆਂ ਤੀਕ ਯਾਦ ਰੱਖੀ ਜਾਵੇਗੀ । ਸੋ ਦੋਸਤੋ ਪੰਜਾਬੀ ਅੱਜ ਵੀ ਹਿੰਮਤੀ ਨਿਸ਼ਕਾਮ ਸੇਵਾ ਕਰਨ ਵਾਲੇ ਅਤੇ ਸੂਰਮਿਆਂ ਦੀ ਗਿਣਤੀ ਵਿੱਚ ਮੂਹਰੇ ਖੜਨ ਵਾਲੇ ਹਨ । ਆਓ ਪੰਜਾਬ ਦੇ ਇਸ ਤੱਤ ਨੂੰ ਪਹਿਚਾਣੀਏ ਅਤੇ ਪੰਜਾਬ ਦੀ ਚੜ੍ਹਦੀ ਕਲਾ ਤੇ ਖੁਸ਼ਹਾਲੀ ਲਈ ਇਹਨਾਂ ਯੋਧਿਆਂ ਦੀ ਪਿੱਠ ਥਾਪੜੀਏ । ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਵਿਲੱਖਣ ਧਰਤ ਲਈ ਜੋ ਕੁਝ ਵੀ ਸਰਦਾ ਬਣਦਾ ਅੱਗੇ ਹੋ ਕੇ ਕਰੀਏ ।

**-ਪਰਗਟ ਸਿੰਘ ਬਲਬੇੜਾ, 9022000070**

# ਭਾਰਤ ਸਰਕਾਰ ਵਲੋਂ ਪੰਜਾਬ ਨੂੰ ਨਿਸ਼ਾਨਾ ਬਣਾਉਣ ਲਈ 'ਪਾਣੀ ਨੂੰ ਹਥਿਆਰ ਬਣਾਉਣ' ਦੀ ਨੀਤੀ ਚਿੰਤਾਜਨਕ: ਭਾਈ ਅਮਰੀਕ ਸਿੰਘ ਗਿੱਲ

### ਇਹ ਤਬਾਹੀ ਪੰਜਾਬ ਨੂੰ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਜਾਣਬੁੱਝ ਕੇ ਕੀਤੀ ਗਈ ਕਿਸਾਨ ਵਿਰੋਧ ਪ੍ਰਦਰਸ਼ਨ ਦਾ ਬਦਲਾ ਮੰਨਿਆ ਜਾ ਰਿਹਾ ਹੈ



**ਨਵੀਂ ਦਿੱਲੀ 6 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਭਾਰਤ ਸਰਕਾਰ 'ਤੇ ਦੋਸ਼ ਲਗਾਇਆ ਜਾ ਰਿਹਾ ਹੈ ਕਿ ਉਹ ਜਾਣਬੁੱਝ ਕੇ ਡੈਮਾਂ ਤੋਂ ਵਾਧੂ ਪਾਣੀ ਰਾਵੀ, ਸਤਲੁਜ ਅਤੇ ਚਨਾਬ ਦਰਿਆਵਾਂ ਵਿੱਚ ਛੱਡ ਰਹੀ ਹੈ ਅਤੇ ਸਿੱਖਾਂ ਦੇ ਵਤਨ ਪੰਜਾਬ ਵਿੱਚ ਵੱਡੇ ਪੱਧਰ 'ਤੇ ਹੜ੍ਹ ਲਿਆਉਣ ਲਈ ਪਾਣੀ ਨੂੰ ਹਥਿਆਰ ਵਜੋਂ ਵਰਤ ਰਹੀ ਹੈ। ਭਾਈ ਅਮਰੀਕ ਸਿੰਘ ਗਿੱਲ ਪ੍ਰਧਾਨ ਸਿੱਖ ਫੈਡਰੇਸ਼ਨ ਯੂਕੇ ਨੇ ਮੀਡੀਆ ਨੂੰ ਜਾਰੀ ਕੀਤੇ ਪ੍ਰੈਸ ਬਿਆਨ ਵਿਚ ਕਿਹਾ ਕਿ ਭਾਰੀ ਮਾਨਸੂਨ ਬਾਰਿਸ਼ ਤੋਂ ਬਾਅਦ ਹੜ੍ਹ ਦਾ ਪਾਣੀ ਛੱਡਣ ਨਾਲ ਭਾਰਤ ਅਤੇ ਪਾਕਿਸਤਾਨ ਦੋਵਾਂ ਪਾਸੇ ਹਜ਼ਾਰਾਂ ਪਿੰਡ ਡੁੱਬ ਗਏ ਹਨ, ਖੇਤ ਡੁੱਬ ਗਏ ਹਨ, ਲੱਖਾਂ ਲੋਕ ਬੇਘਰ ਹੋ ਗਏ ਹਨ ਅਤੇ ਪੰਜਾਬ ਵਿੱਚ ਸੈਂਕੜੇ ਲੋਕ ਮਾਰੇ ਗਏ ਹਨ। ਹਾਈਵੇਅ ਬੰਦ ਹੋ ਗਏ ਹਨ, ਫਸਲਾਂ ਤਬਾਹ ਹੋ ਗਈਆਂ ਹਨ ਜੋ ਕਿ ਦੁਖਦਾਇਕ ਹੈ । ਪਰ ਭਾਰਤ ਸਰਕਾਰ ਇੱਕ ਖ਼ਤਰਨਾਕ ਹੜ੍ਹ ਪ੍ਰਬੰਧਨ ਨੀਤੀ ਅਪਣਾ ਰਹੀ ਹੈ ਜਿਸ ਨਾਲ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧੇ ਤਣਾਅ ਦੇ ਵਿਚਕਾਰ ਪੰਜਾਬ ਦੇ ਲੋਕਾਂ ਨੂੰ ਵਾਧੂ ਦੁੱਖ ਝੱਲਣਾ ਪੈ ਰਿਹਾ ਹੈ। ਭਾਰਤ ਸਰਕਾਰ ਨੇ ਪਾਣੀ ਛੱਡ ਕੇ ਬਿਨਾਂ ਕਿਸੇ ਚਿੰਤਾ ਦੇ ਜਾਂ ਸਰਹੱਦ ਦੇ ਦੋਵਾਂ ਪਾਸਿਆਂ ਦੇ ਨਤੀਜਿਆਂ 'ਤੇ ਵਿਚਾਰ ਕੀਤੇ ਬਿਨਾਂ ਬੇਲੋੜੀ ਜਾਨਾਂ, ਜਾਇਦਾਦ ਅਤੇ ਰੋਜ਼ੀ-ਰੋਟੀ ਨੂੰ ਖ਼ਤਰਾ ਪੈਦਾ ਕਰ ਦਿੱਤਾ ਹੈ, ਜਿਸ ਨੂੰ "ਪਾਣੀ ਹਮਲੇ" ਵਜੋਂ ਦਰਸਾਇਆ ਗਿਆ ਹੈ। ਹਾਲਾਂਕਿ ਜਲਵਾਯੂ ਪਰਿਵਰਤਨ ਅਤੇ ਪੁਰਾਣਾ ਬੁਨਿਆਦੀ ਢਾਂਚਾ ਹੜ੍ਹਾਂ ਦੇ ਕਾਰਕ ਹਨ। ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਉੱਤਰਾਖੰਡ ਵਿੱਚ ਵੀ ਵਿਆਪਕ ਹੜ੍ਹ ਆਏ ਹਨ ਕਿਉਂਕਿ ਭਾਰੀ ਮਾਨਸੂਨ ਬਾਰਿਸ਼ ਨੇ ਸਰਹੱਦ ਦੇ ਦੋਵੇਂ ਪਾਸੇ ਨਦੀਆਂ ਨੂੰ ਉਛਾਲ ਦਿੱਤਾ ਹੈ। ਲਗਭਗ ਚਾਰ ਦਹਾਕਿਆਂ ਵਿੱਚ ਸਭ ਤੋਂ ਭਿਆਨਕ ਹੜ੍ਹਾਂ ਨੇ ਪਾਕਿਸਤਾਨ ਵਿੱਚ ਲਗਭਗ 1,000 ਲੋਕਾਂ ਦੀ ਜਾਨ ਲੈ ਲਈ ਹੈ ਅਤੇ ਭਾਰਤ ਵਿੱਚ 500 ਤੋਂ ਵੱਧ ਲੋਕਾਂ ਦੀ ਜਾਨ ਲੈ ਲਈ ਹੈ। ਇਸ ਦੌਰਾਨ ਮੀਡੀਆ ਦਾ ਧਿਆਨ ਪਾਕਿਸਤਾਨ 'ਤੇ ਕੇਂਦ੍ਰਿਤ ਰਿਹਾ ਹੈ ਜਦੋਂ ਕਿ ਭਾਰਤ ਵਾਲੇ ਪਾਸੇ ਪੰਜਾਬ ਦੇ ਲੋਕਾਂ ਨੂੰ ਛੱਡ ਦਿੱਤਾ ਗਿਆ ਹੈ। ਭਾਰਤ ਵਾਲੇ ਪਾਸੇ ਪੰਜਾਬ ਲੰਬੇ ਸਮੇਂ ਤੋਂ ਪਾਣੀ ਦੀ ਅਸਮਾਨ ਵੰਡ ਦੇ ਪ੍ਰਬੰਧਾਂ ਤੋਂ ਪੀੜਤ ਹੈ, ਪਾਣੀ ਦੇ ਮੋੜ ਅਤੇ ਡੈਮ ਕਾਰਜਾਂ ਦੇ ਫੈਸਲੇ ਅਕਸਰ ਆਪਣੇ ਲੋਕਾਂ ਦੇ ਅਧਿਕਾਰਾਂ ਅਤੇ ਭਲਾਈ ਦਾ ਧਿਆਨ ਰੱਖੇ ਬਿਨਾਂ ਲਏ ਜਾਂਦੇ ਹਨ। ਇਨ੍ਹਾਂ ਕਾਰਕਾਂ ਨੇ ਤਬਾਹੀ ਦੇ ਪੈਮਾਨੇ ਨੂੰ ਵਧਾ ਦਿੱਤਾ ਹੈ, ਜਿਸ ਨਾਲ ਪ੍ਰਭਾਵਿਤ ਭਾਈਚਾਰਿਆਂ ਲਈ ਜਵਾਬਦੇਹੀ ਅਤੇ ਲੰਬੇ ਸਮੇਂ ਦੇ ਨਿਆਂ ਦੇ ਸਵਾਲ ਖੜ੍ਹੇ ਹੁੰਦੇ ਹਨ। ਹੜ੍ਹਾਂ ਨੇ ਸਰਹੱਦ ਦੇ ਦੋਵੇਂ ਪਾਸੇ ਪੰਜਾਬ ਭਰ ਵਿੱਚ ਤਬਾਹੀ ਮਚਾਈ ਹੈ ਅਤੇ ਤਬਾਹੀ ਮਚਾਈ ਹੈ, ਹਾਲਾਂਕਿ ਪਾਕਿਸਤਾਨ ਵਾਲੇ ਪਾਸੇ ਜਾਨ ਦਾ ਨੁਕਸਾਨ ਬਹੁਤ ਜ਼ਿਆਦਾ ਹੋਇਆ ਹੈ। ਅਸੀਂ ਪੰਜਾਬ ਦੇ ਲੋਕਾਂ ਲਈ ਬਹੁਤ ਚਿੰਤਤ ਹਾਂ ਜਿਨ੍ਹਾਂ ਨੂੰ ਇੱਕ ਪਾਸੇ ਭਾਰਤ ਸਰਕਾਰ ਨੇ ਜਾਣਬੁੱਝ ਕੇ ਹੜ੍ਹ ਦਾ ਪਾਣੀ ਛੱਡ ਕੇ ਨਿਸ਼ਾਨਾ ਬਣਾਇਆ ਹੈ ਅਤੇ ਆਪਣੇ ਆਪ ਨੂੰ ਬਚਾਉਣ ਦੇ ਮਾਮਲੇ ਵਿੱਚ ਅਣਦੇਖਾ ਕੀਤਾ ਹੈ। ਬਿਨਾਂ ਢੁਕਵੀਂ ਚੇਤਾਵਨੀ ਜਾਂ ਯੋਜਨਾਬੰਦੀ ਦੇ ਉੱਪਰਲੇ ਡੈਮਾਂ ਤੋਂ ਪਾਣੀ ਛੱਡਣ ਨਾਲ ਪੰਜਾਬ ਦੇ ਪਿੰਡਾਂ ਅਤੇ ਖੇਤਾਂ ਵਿੱਚ ਹੜ੍ਹਾਂ ਦੀ ਸਥਿਤੀ ਤੇਜ਼ ਹੋ ਗਈ ਹੈ। ਭਾਰਤ ਸਰਕਾਰ ਵੱਲੋਂ ਕਿਸਾਨਾਂ ਨੂੰ ਕੋਈ ਸਾਰਥਕ ਸਹਾਇਤਾ ਨਾ ਮਿਲਣ ਨਾਲ ਸਥਿਤੀ ਹੋਰ ਵੀ ਵਿਗੜ ਗਈ ਹੈ। ਬਹੁਤ ਸਾਰੇ ਮੋਦੀ ਸਰਕਾਰ ਦੀ ਕਾਰਵਾਈ ਨੂੰ ਪੰਜਾਬ ਦੇ ਕਿਸਾਨਾਂ ਨੂੰ ਵਿਆਪਕ ਤਬਾਹੀ ਅਤੇ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਜਾਣਬੁੱਝ ਕੇ ਕੀਤੀ ਗਈ ਕਿਸਾਨ ਵਿਰੋਧ ਪ੍ਰਦਰਸ਼ਨ ਦਾ ਬਦਲਾ ਮੰਨਦੇ ਹਨ ਜਿਸਨੇ ਮੋਦੀ ਨੂੰ ਨਵੰਬਰ 2021 ਵਿੱਚ ਵਿਵਾਦਪੂਰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਮਜਬੂਰ ਕੀਤਾ ਸੀ। ਸਰਕਾਰ ਦੁਆਰਾ ਸਮਰਥਤ ਰਾਹਤ ਕਾਰਜ ਬਹੁਤ ਸੀਮਤ ਰਹੇ ਹਨ, ਤੇਜ਼ ਰਾਹਤ ਅਤੇ ਹੜ੍ਹ ਪ੍ਰਭਾਵਿਤ ਰਾਜਾਂ, ਖਾਸ ਕਰਕੇ ਕਿਸਾਨਾਂ ਲਈ ਇੱਕ ਵਿਸ਼ੇਸ਼ ਰਾਹਤ ਪੈਕੇਜ ਦੀ ਮੰਗ ਕੀਤੀ ਗਈ ਹੈ। ਪੰਜਾਬ ਵਿੱਚ ਸਿੱਖ ਸੰਸਥਾਵਾਂ ਅਤੇ ਵਿਸ਼ਵਵਿਆਪੀ ਸਿੱਖ ਚੈਰਿਟੀ ਨੂੰ ਦਖਲ ਦੇਣਾ ਪਿਆ ਹੈ ਅਤੇ ਬੋਝ ਚੁੱਕਣਾ ਪਿਆ ਹੈ। ਇਨ੍ਹਾਂ ਚੁਣੌਤੀਆਂ ਦੇ ਬਾਵਜੂਦ, ਨਿਰਸਵਾਰਥ ਸੇਵਾ ਅਤੇ ਚੜ੍ਹਦੀ ਕਲਾ ਦੇ ਸਿੱਖ ਮੁੱਲਾਂ ਦੁਆਰਾ ਪ੍ਰੇਰਿਤ ਪੰਜਾਬ ਦੇ ਲੋਕਾਂ ਨੇ ਆਪਣੀ ਸ਼ਾਨਦਾਰ ਲਚਕਤਾ ਦਿਖਾਈ ਹੈ। ਸਿੱਖ ਭਾਈਚਾਰੇ ਦੀ ਅਗਵਾਈ ਵਾਲੇ ਯਤਨਾਂ ਨੇ ਮਹੱਤਵਪੂਰਨ ਸੇਵਾਵਾਂ ਨੂੰ ਚਲਦਾ ਰੱਖਿਆ ਹੈ, ਭੋਜਨ, ਆਸਰਾ ਅਤੇ ਡਾਕਟਰੀ ਦੇਖਭਾਲ ਪ੍ਰਦਾਨ ਕੀਤੀ ਹੈ ਜਿੱਥੇ ਅਧਿਕਾਰਤ ਚੈਨਲ ਅਸਫਲ ਰਹੇ ਹਨ।

## ਹੜ੍ਹ ਪ੍ਰਭਾਵਿਤ ਪਰਿਵਾਰਾਂ ਲਈ ਵਿਕਰਮਜੀਤ ਸਿੰਘ ਸਾਹਨੀ ਵਲੋਂ ਮੁਫ਼ਤ ਹੁਨਰ ਸਿਖਲਾਈ ਅਤੇ ਨੌਕਰੀਆਂ ਦੇਣ ਦੀ ਪੇਸ਼ਕਸ਼



**ਨਵੀਂ ਦਿੱਲੀ, 6 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਵਲੋਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਲਈ ਮੁਫ਼ਤ ਹੁਨਰ ਸਿਖਲਾਈ ਅਤੇ ਨੌਕਰੀਆਂ ਦੇਣ ਦੀ ਪੇਸ਼ਕਸ਼ ਕੀਤੀ ਹੈ । ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦਾ ਐਨਜੀਓ, ਸੰਨ ਫਾਊਂਡੇਸ਼ਨ, ਵੱਖ-ਵੱਖ ਕਿੱਤਾਮੁਖੀ ਕੋਰਸਾਂ ਵਿੱਚ ਮੁਫ਼ਤ ਹੁਨਰ ਸਿਖਲਾਈ ਪ੍ਰਦਾਨ ਕਰੇਗਾ ਅਤੇ ਸਾਰੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਰਿਸ਼ਤੇਦਾਰਾਂ ਲਈ ਨੌਕਰੀ ਦੇ ਮੌਕੇ ਪ੍ਰਦਾਨ ਕਰੇਗਾ। ਡਾ. ਸਾਹਨੀ ਨੇ ਕਿਹਾ ਕਿ ਉਹ ਯੋਗ ਲਾਭਪਾਤਰੀਆਂ ਦੀਆਂ ਸੂਚੀਆਂ ਤਿਆਰ ਕਰਨ ਅਤੇ ਸਾਂਝੀਆਂ ਕਰਨ ਲਈ ਡੀਸੀ ਅਤੇ ਐਸ ਡੀ ਐਮ ਤੋਂ ਸਹਾਇਤਾ ਦੀ ਮੰਗ ਰਹੇ ਹਨ। ਡਾ. ਸਾਹਨੀ ਨੇ ਮੋਟਰਬੋਟਾਂ, ਐਂਬੂਲੈਂਸਾਂ, ਮੈਡੀਕਲ ਅਤੇ ਸਫਾਈ ਕਿੱਟਾਂ, ਸੈਨੇਟਰੀ ਪੈਡ ਅਤੇ ਤਰਪਾਲਾਂ ਦੀ ਤੁਰੰਤ ਸਪਲਾਈ ਤੋਂ ਇਲਾਵਾ, ਲੰਬੇ ਸਮੇਂ ਦੇ ਪੁਨਰਵਾਸ ਦੇ ਹਿੱਸੇ ਵਜੋਂ ਕਣਕ ਦੀ ਬਿਜਾਈ ਲਈ ਡੀਸਿਲਟਿੰਗ ਮਸ਼ੀਨਾਂ, ਘਰਾਂ ਦੀ ਮੁਰੰਮਤ ਅਤੇ ਖੇਤੀਬਾੜੀ ਇਨਪੁੱਟ ਪ੍ਰਦਾਨ ਕਰਨ ਲਈ ਆਪਣੇ ਵਲੋਂ ਹਮਾਇਤ ਦਾ ਐਲਾਨ ਕੀਤਾ। ਉਨ੍ਹਾਂ ਪ੍ਰਭਾਵਿਤ ਪਰਿਵਾਰਾਂ ਦੇ ਪੁਨਰਵਾਸ 'ਤੇ ਤਾਲਮੇਲ ਅਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ।


ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਂਕ ਦਿੱਲੀ ਵਿਖੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੜੀਵਾਰ ਗੁਰਬਾਣੀ ਕਥਾ ਵਿਆਖਿਆ ਦੀ ਹਾਜ਼ਰੀ ਭਰੀ









ਆਵਾਜ਼ਿ ਕੌਮ AWAZE QAUM International Newspaper & WEB TV





ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਂਕ ਦਿੱਲੀ ਵਿਖੇ ਅੱਜ ਲੜੀਵਾਰ ਗੁਰਬਾਣੀ ਕਥਾ ਵਿਆਖਿਆ ਦੀ ਹਾਜ਼ਰੀ ਭਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਹਾਜ਼ਰ ਸਿੱਖ ਸੰਗਤਾਂ ਸਨਮਾਨਿਤ ਕਰਦੇ ਪ੍ਰਬੰਧਕ ਅਤੇ ਬਾਬਾ ਹਰਚਰਨ ਸਿੰਘ ਨਾਨਕਸਰ ਪਟਿਆਲਾ ਵਾਲੇ।



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਬਾਬਾ ਜੀਵਨ ਸਿੰਘ ਦੇ ਜਨਮ ਦਿਹਾੜੇ ਮੌਕੇ ਸਿੱਖ ਨੁਮਾਈਂਦਿਆਂ ਨੇ ਏਕਤਾ ਦੀ ਮਿਸਾਲ ਕੀਤੀ ਕਾਇਮ

# 'ਰੰਘਰੇਟਾ ਸੰਸਾਰ' ਅਤੇ 'ਸਟੀਕ' ਕੀਤੀ ਕੌਮ ਨੂੰ ਸਮਰਪਿਤ





**ਚੌਕ ਮਹਿਤਾ, 6 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼੍ਰੋਮਣੀ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦਾ 364ਵਾਂ ਪ੍ਰਕਾਸ ਦਿਹਾੜਾ ਮਨਾਇਆ ਗਿਆ।ਦਸ਼ਮੇਸ ਤਰਨਾ ਦਲ ਦੇ ਮੁੱਖੀ ਜੰਗੀ ਜਰਨੈਲ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਦੀ ਦੇਖ ਰੇਖ ਹੇਠ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਦੀਵਾਨ ਹਾਲ 'ਚ ਪ੍ਰਭਾਵਸ਼ਾਲੀ ਢੰਗ ਨਾਲ ਆਯੋਜਿਤ ਕੀਤਾ ਗਿਆ। ਦਿਲਚਸਪ ਗੱਲ ਇਹ ਹੈ ਕਿ ਇਹ ਪਹਿਲੀ ਵਾਰ ਦੇਖਣ ਨੂੰ ਮਿਲਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਅਤੇ ਬਾਬਾ ਮੇਜਰ ਸਿੰਘ ਸੋਢੀ ਦੀ ਦੇਖ ਰੇਖ ਹੇਠ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ 'ਚ ਸਮੂਹ ਦਲ ਪੰਥ,ਸੰਪਰਦਾਵਾਂ ਸਭਾ ਸੁਸਾਇਟੀਆਂ,ਨਿਹੰਗ ਜਥੇਬੰਦੀਆਂ,ਸਮਾਜ ਸੈਵੀ ਸੰਸਥਾਵਾਂ ਅਤੇ ਰਾਜਸੀਲੀਡਰਾਂ ਨੇ ਭਾਰੀ ਗਿਣਤੀ 'ਚ ਹਾਜਰੀ ਭਰੀ। ਰਵਾਇਤ ਅਨੁਸਾਏ ਪ੍ਰਕਾਸ ਦਿਹਾੜੇ ਮੌਕੇ ਆਰੰਭ ਕੀਤੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ



ਗਏ ਉਪਰੰਤ ਸੱਜੇ ਦੀਵਾਨ ਹਾਲ 'ਚ ਕੀਰਤਨੀ ਜੱਥਿਆਂ ਅਤੇ ਕਥਾ ਵਾਚਕਾਂ ਨੇ ਹਾਜਰੀ ਲਗਵਾਈ। ਸਿੱਖ ਰੰਘਰੇਟਾ ਸਮਾਜ ਤੇ ਹੋਰਨਾ ਸਮੁਦਾਇ ਦੇ ਭਾਈਚਾਰਿਆ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ

ਆਵਾਜ਼ਿ ਕੌਮ AWAZE QAUM International Newspaper & WEB TV

> ☛ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਕੀਤਾ ਸੰਬੋਧਨ
>
> ☛ ਜਥੇਦਾਰ ਨੇ ਸ੍ਰੋਮਣੀ ਕਮੇਟੀ ਨੂੰ ਦਿੱਤਾ ਹਲੂਣਾ

ਕੁਲਦੀਪ ਸਿੰਘ ਗੜਗੱਜ ਨੇ ਭਾਸ਼ਣ ਦੇ ਸ਼ੁਰੂਆਤੀ ਪੜਾਅ 'ਚ ਬਾਬਾ ਜੀਵਨ ਸਿੰਘ ਦੇ ਜਨਮ ਦਿਹਾੜੇ ਨੂੰ ਰਾਜ ਪੱਧਰੀ ਤੌਰ ਤੇ ਮਨਾਉਦਿਆਂ ਸਮਾਗਮ ਦਾ ਪ੍ਰਭਾਵ ਦੇਸ਼ ਦੁਨੀਆ ਤੱਕ ਭੇਜਣ ਲਈ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਦੀ ਪ੍ਰਸੰਸਾ ਕਰਦਿਾਂ ਕਿਹਾ ਕਿ ਰੰਘਰੇਟਾ ਸਿੰਘ ਭਾਈਚਾਰੇ ਨੂੰ ਸੰਗਠਿਤ ਕਰਦਿਆਂ ਅੱਜ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਤੇ ਇੱਕਤਰ ਕਰਨਾ ਇਸ ਗੱਲ ਦਾ ਪ੍ਰਮਾਣ ਹੈ ਕਿ ਭਾਈ ਜੈਤਾ ਜੀ ਦੇ ਵਾਰਿਸ ਕੌਮੀ ਜਰਨੈਲ ਦੀਆਂ ਸਿਖਿਆਂਵਾਂ ਅਨੁਸਾਰ ਜੀਵਨ ਜਾਂਚ ਢਾਲਣ 'ਚ ਯਕੀਨ ਰੱਖਦੇ ਹਨ। ਇਸ ਸਮਾਗਮ 'ਚ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ੍ਰ ਹਰਜਿੰਦਰ ਸਿੰਘ ਧਾਮੀ,ਸ੍ਰੋਮਣੀ ਅਕਾਲੀ ਦਲ (ਬਾਦਲ) ਦੇ ਮੀਤ ਪ੍ਰਧਾਨ ਡਾ.ਦਲਜੀਤ ਸਿੰਘ ਚੀਮਾ,ਸ ਚਰਨਜੀਤ ਸਿੰਘ ਅਟਵਾਲ ਸਾਬਕਾ ਡਿਪਟੀ ਸਪੀਕਰ ਲੋਕ ਸਭਾ,ਮੈਂਬਰ ਸ੍ਰੋਮਣੀ ਗੁ:ਪ੍ਰ:ਕ ਭਾਈ ਅਮਰਜੀਤ ਸਿੰਘ ਚਾਵਲਾ ਦੀ ਮੌਜੂਦਗੀ ਜਥੇਦਾਰ ਗੜਗੱਜ ਨੇ ਹਲੂਣੇ ਭਰੇ ਲਹਿਜੇ 'ਚ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸੱਚੇਪਾਤਸ਼ਾਹ ਨੇ ਭਾਈ ਜੈਤਾ ਜੀ ਨੂੰ ਗਲਵਕੜੀ 'ਚ ਲੈਂਦਿਆਂ ਰੰਘਰੇਟਾ ਗੁਰੂ ਕਾ ਬੇਟਾ ਦੇ 'ਖਿਤਾਬ' ਨਾਲ ਨਿਵਾਜ਼ਿਦਆਂ ਜਾਤੀ ਵਿਤਕਰੇ ਨੂੰ ਸਦੀਵੀ ਤੌਰ 'ਤੇ ਖਤਮ ਕਰਦਿਆਂ ਖੰਡੇਂ ਬਾਟੇ ਦੀ ਪਾਹੁਲ ਦੀ ਧਾਰਨਾ ਨਾਲ ਭਾਈ ਜੈਤਾ ਜੀ ਨੂੰ ਅੰਮ੍ਰਿਤ ਛਕਾਅ ਜੀਵਨ ਸਿੰਘ ਬਣਾਉਦਿਆਂ ਬਰਾਬਰਤਾ ਦਾ ਸੁਨੇਹਾ ਦਿਤਾ ਸੀ,ਪਰ ਅੱਜ ਵੀ ਜਾਤੀ ਵਿਤਕਰਾ ਕਰਨ ਵਾਲੇ ਧਰਮ ਦੇ ਅਖੌਤੀ ਅਲੰਬਰਦਾਰ ਮਾਨਿਸ ਕੀ ਜਾਤਿ ਸਭੈ ਏਕੇ ਪਹਿਛਾਨਬੋ ਦੇ ਸੰਕੰਲਪ ਨੂੰ ਢੈਹਿ ਢੇਰੀ ਕਰ ਰਹੇ ਹਨ ਉਹਨਾਂ ਨੇ ਕਿਹਾ ਅਸੀਂ 21ਵੀਂ ਸਦੀ 'ਚ ਪ੍ਰਵੇਸ ਕਰ ਚੁੱਕੇ ਹਾਂ,ਪਰ ਜਾਤੀ ਵਿਤਕਰਾ ਅੱਜ ਵੀ 18ਵੀਂ ਸਦੀ ਵਾਂਗ ਪ੍ਰਚਲਿਤ ਕੀਤਾ ਜਾ ਰਿਹਾ ਹੈ ਆਪਣੇ ਭਾਸ਼ਣ 'ਚ ਉਨਾ ਨੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਦਾ ਸਿੱਖ ਕੌਮ ਨੂੰ ਸੱਦਾ ਦਿੱਤਾ। ਖਚਾ ਖੱਚ ਭਰੇ ਦੀਵਾਨ ਹਾਲ ਨੂੰ ਸੰਬੋਧਨ ਕਰਦਿਆਂ ਸ਼ਗਪਛ ਦੇ ਪ੍ਰਧਾਨ ਸ੍ਰ ਹਰਜਿੰਦਰ ਸਿੰਘ ਧਾਮੀਂ ਨੇ ਕਿਹਾ ਕਿ ਬਾਬਾ ਜੀਵਨ ਸਿੰਘ ਦੀ ਲਿਖਤ ਅਧਾਰਿਤ 'ਸਟੀਕ' ਅਤੇ ਰੰਘਰੇਟਾ ਸੰਸਾਰ ਮੈਗਜੀਨ ਨੂੰ ਪੰਥਕ ਇਕੱਠ 'ਚ ਰਲੀਜ਼ ਕਰਨਾ ਸ਼ੁੱਭ ਕਾਰਜ ਦੀ ਆਰੰਭਤਾ ਕਰਕੇ ਬਾਬਾ ਮੇਜਰ ਸਿੰਘ ਸੋਢੀ ਨੇ ਸੋਨੇ ਤੇ ਸੋਹਾਗੇ ਵਾਲਾ ਕੰਮ ਕੀਤਾ ਹੈ ਉਨਾ ਨੇ ਕਿਹਾ ਕਿ ਸ੍ਰੋਮਣੀ ਕਮੇਟੀ ਸਿੰਘ ਭਾਈਚਾਰੇ ਦੀ ਆਪਣੀ ਸੰਸਥਾ ਹੈ ਉਨਾਂ ਨੇ ਕਿਹਾ ਕਿ ਬਾਬਾ ਮੇਜਰ ਸਿੰਘ ਸੋਢੀ ਵੱਲੋਂ ਸਿੰਘ ਪੰਥ ਦੇ ਹੱਕ 'ਚ ਆਰੰਭੇ ਕਾਰਜਾਂ ਦੀ ਸਫਲਤਾਪੂਰਵਕ ਸੰਪੰਨਤਾ ਲਈ ਸ੍ਰੋਮਣੀ ਕਮੇਟੀ ਹਰ ਸੰਭਵ ਸਹਿਯੋਗ ਕਰੇਗੀ। ਉਪਰੰਤ ਬੁੱਢਾ ਦਲ ਜਥੇਬੰਦੀ ਦੇ ਮੁੱਖੀ ਬਾਬਾ ਬਲਬੀਰ ਸਿੰਘ ਨੇ ਦੀਵਾਨ ਹਾਲ 'ਚ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੋਮਣੀ ਕਮੇਟੀ ਆਪਣੇ ਅਖ਼ਬਾਰੀ ਬਿਆਨ ਤੇ ਪਹਿਰਾ ਦਿੰਦਿਆਂ ਜਥੇਬੰਦੀਆਂ ਦੇ ਪ੍ਰੋਗਰਾਮਾਂ ਦਾ ਵਾਸਤਵਿਕ ਤੌਰ ਤੇ ਇਸ ਵਿਸ਼ੇਸ਼ ਉਪਰਾਲੇ ਲਈ ਦਸਮੇਸ਼ ਤਰਨਾ ਦਲ ਦੇ ਮੁੱਖੀ ਬਾਬਾ ਮੇਜਰ ਸਿੰਘ ਸੋਢੀ ਨੂੰ ਸਮਾਗਮ ਨੂੰ ਸਫ਼ਲ ਬਣਾਉਂਣ ਲਈ ਸ਼ੁੱਭਕਾਮਨਾਵਾਂ ਦਿੰਦਿਆਂ ਪ੍ਰਕਾਸ਼ ਦਿਹਾੜੇ ਦੀਆਂ ਢੇਰ ਸਾਰੀਆ ਮੁਬਾਰਕਾਂ ਦਿੱਤੀਆਂ।

ਸਮਾਗਮ 'ਚ ਪਹੁੰਚੇ ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਸ੍ਰ ਚਰਨਜੀਤ ਸਿੰਘ ਅਟਵਾਲ ਨੇ ਸਮਾਜਿਕ ਬਰਾਬਰਤਾ ਦਾ ਹੋਕਾ ਦਿੰਦਿਆਂ ਕਿਹਾ ਕਿ ਜਿੰਨ੍ਹੀ ਦੇਰ ਰੰਗਰੇਟਾ ਸਮਾਜ ਦੇ ਬੱਚੇ ਮਿਆਰੀ ਸਿੱਖਿਆ ਪ੍ਰਾਪਤ ਨਹੀਂ ਕਰਨਗੇਂ ਉਨੀ ਦੇਰ ਭਿੰਨ-ਭੇਦ ਬਰਕਰਾਰ ਰਹੇਗਾ ਸਮਾਗਮ ਦੇ ਸਮਾਪਤੀ ਸਮਾਰੋਹ 'ਚ ਬਾਬਾ ਮੇਜਰ ਸਿੰਘ ਸੋਢੀ ਨੇ ਆਈਆ ਧਾਰਮਿਕ,ਰਾਜਨੀਤਕ ਅਤੇ ਪੰਥਕ ਹਸਤੀਆਂ ਦਾ ਵਿਸ਼ੇਸ ਤੌਰ 'ਤੇ ਸਨਮਾਨ ਕੀਤਾ।

ਧੰਨਵਾਦੀ ਭਾਸ਼ਣ 'ਚ ਬਾਬਾ ਮੇਜਰ ਸਿੰਘ ਸੋਢੀ ਨੇ ਕਿਹਾ ਕਿ ਆਉਂਣ ਵਾਲੇ ਸਮਾਗਮ 'ਚ ਕੌਮ ਲਈ ਰਾਹ ਦਸੇਰਾ ਸਾਬਤ ਹੋਣਗੇਂ ਅਤੇ ਮਹਿਮਾਨਾ ਦਾ ਧੰਨਵਾਦ ਕੀਤਾ ਜੈਕਾਰਿਆ ਦੀ ਗੂੰਜ 'ਚ ਸਮਾਗਮ ਸੰਪੰਨ ਕੀਤਾ ਗਿਆ।

### ਪ੍ਰਣਾਮ ਸ਼ਹੀਦਾਂ ਸੰਘਰਸ਼ ਕਮੇਟੀ ਨੇ ਹੜ੍ਹ ਪੀੜਤਾਂ ਨੂੰ

# ਰਾਹਤ ਸਮੱਗਰੀ ਵੰਡੀ : ਭਾਈ ਗੁਰਦੀਪ ਸਿੰਘ ਲੋਹਾਰਾ

**ਅੰਮ੍ਰਿਤਸਰ, 6 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪ੍ਰਣਾਮ ਸ਼ਹੀਦਾਂ ਸੰਘਰਸ਼ ਕਮੇਟੀ ਨੇ ਹੜ੍ਹ ਪੀੜਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਪਹੁੰਚਾਈ ਹੈ। ਜਥੇਬੰਦੀ ਦੇ ਮੁੱਖ ਸੇਵਾਦਾਰ ਭਾਈ ਗੁਰਦੀਪ ਸਿੰਘ ਲੋਹਾਰਾ, ਸੁਨੀਲ ਸਿੰਘ (ਹਰੀਆ), ਦਿਲਜੀਤ ਸਿੰਘ (ਮਜੀਠਾ), ਗੁਰਜੋਤ ਸਿੰਘ, ਭਗਵਾਨ ਸਿੰਘ ਨਿੱਕਾ, ਸੂਰਜ ਸਿੰਘ, ਗੁਰਪ੍ਰੀਤ ਸਿੰਘ ਸ਼ਿਮਲਾਪੁਰੀ, ਹਰਜਿੰਦਰ ਸਿੰਘ (ਹਰੀਆ),

ਆਵਾਜ਼ਿ ਕੌਮ AWAZE QAUM International Newspaper & WEB TV



ਧਮਿੰਦਰ ਸਿੰਘ(ਹਰੀਆ) ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਕਿਹਾ ਕਿ ਹੜ੍ਹਾਂ ਦੇ ਪਾਣੀ ਕਰਕੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਵਿੱਚ ਭਾਰੀ ਨੁਕਸਾਨ ਹੋਇਆ ਹੈ ਤੇ ਇਸ ਸਮੇਂ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦੇ ਫ਼ਲਸਫ਼ੇ ਉੱਤੇ ਪਹਿਰਾ ਦਿੰਦਿਆਂ ਹਰੇਕ ਸਿੱਖ ਅਤੇ ਪੰਜਾਬੀ ਨੂੰ ਹੜ੍ਹ ਪੀੜਤਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ। ਉਹਨਾਂ ਦੱਸਿਆ ਕਿ ਡੇਰਾ ਬਾਬਾ ਨਾਨਕ, ਤਾਰੋਵਾਲੀ, ਚੰਦੂ ਨੰਗਲ, ਕਾਲੋਵਾਲੀ ਚੌਕ, ਰਸੀਕੇ, ਚੰਦੂ ਨੰਗਲ ਦੇ ਡੇਰੇ, ਰਮਦਾਸ, ਸ਼ਕਾਰ ਮਾਛੀਆ, ਜੱਟਾ ਵਸ਼ਿਯਆ, ਗੱਗੋਮਾਲ, ਕੱਲੋਵਾਲ, ਥੋਬੇ ਪੰਜ ਗਰਾਈਆ ਅਤੇ ਆਸ-ਪਾਸ ਪਿੰਡਾਂ ਵਿੱਚ ਸਮਾਨ ਪਹੁੰਚਾ ਕੇ ਆਏ ਹਾਂ। ਹੜ੍ਹ ਪੀੜਤਾਂ ਲਈ ਰੱਸ, ਬਿਸਕੁਟ, ਭੂਜੀਆ, ਬ੍ਰੈਡ, ਨਿਊਟਰੀ,ਕਰਿਆਨੇ ਦਾ ਸਮਾਨ ਮੋਮਬੱਤੀਆਂ,ਮੱਛਰ ਵਾਲੀਆ ਟੂਬਾ,ਸੁਕਾ ਦੁੱਧ,ਬਰੁਸ਼ ਕੋਲਗੇਟ, ਸਾਬਣ,ਸੈਂਪੂ, ਗੱਦੇ ਚਾਦਰ, ਕੰਬਲ, ਖੇਸ, ਸਰਾਣੇ, ਰਾਸ਼ਨ ਦਿਆ ਕੀਟਾ, ਪੇਂਟਾ ਪਜਾਮੇ, ਸ਼ਰਟ ਅਤੇ ਲੰਗਰ ਆਦਿਕ ਵਸਤਾਂ ਲੋਕਾਂ ਵਿੱਚ ਵੰਡੀਆਂ ਹਨ ਤਾਂ ਜੋ ਉਹਨਾਂ ਨੂੰ ਕੁਝ ਰਾਹਤ ਮਿਲ ਸਕੇ। ਭਾਈ ਗੁਰਦੀਪ ਸਿੰਘ ਲੋਹਾਰਾ ਨੇ ਕਿਹਾ ਕਿ ਇਸ ਰਾਸ਼ਨ ਸਮੱਗਰੀ ਵਾਸਤੇ ਜਿਨ੍ਹਾਂ ਵੀ ਸ਼ਖਸੀਅਤਾਂ, ਸੱਜਣਾਂ ਅਤੇ ਸੰਗਤਾਂ ਨੇ ਸਹਿਯੋਗ ਕੀਤਾ, ਅਸੀਂ ਸਭ ਦਾ ਧੰਨਵਾਦ ਕਰਦੇ ਹਾਂ।

# ਤਖ਼ਤ ਪਟਨਾ ਸਾਹਿਬ ਤੋਂ ਨਿਕਲਣ ਵਾਲੀ ਸ਼ਹੀਦੀ ਜਾਗਰਤੀ ਯਾਤਰਾ ਲਈ ਦਿੱਲੀ ਤੋਂ ਪਾਲਕੀ ਬੱਸ ਰਵਾਨਾ



**ਨਵੀਂ ਦਿੱਲੀ, 6 ਸਤੰਬਰ (ਮਨਪ੍ਰੀਤ ਸਿੰਘ ਖਾਲਸਾ)**-ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਅਤੇ ਬਿਹਾਰ ਸਰਕਾਰ ਦੇ ਸਾਂਝੇ ਯਤਨਾਂ ਨਾਲ, ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਕਰਕੇ ਇੱਕ ਸ਼ਹੀਦੀ ਜਾਗਰਤੀ ਯਾਤਰਾ ਆਯੋਜਿਤ ਕੀਤੀ ਜਾ ਰਹੀ ਹੈ। ਇਹ ਯਾਤਰਾ 17 ਸਤੰਬਰ

ਆਵਾਜ਼ਿ ਕੌਮ AWAZE QAUM International Newspaper & WEB TV

ਨੂੰ ਗੁਰਦੁਆਰਾ ਗੁਰੂ ਕਾ ਬਾਗ ਤੋਂ ਸ਼ੁਰੂ ਹੋ ਕੇ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਸਮਾਪਤ ਹੋਵੇਗੀ। ਤਖ਼ਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਯਾਤਰਾ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਤੇ ਪੁਰਾਤਨ ਸ਼ਸਤਰ ਇਕ ਪਾਲਕੀ ਸਾਹਿਬ ਵਿੱਚ ਸਜੇ ਹੋਣਗੇ, ਜਿਨ੍ਹਾਂ ਦੇ ਦਰਸ਼ਨ ਸੰਗਤ ਕਰ ਸਕੇਗੀ। ਉਨ੍ਹਾਂ ਦੱਸਿਆ ਕਿ ਇਹ ਪਾਲਕੀ ਸਾਹਿਬ ਵਾਲੀ ਬੱਸ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੀ ਗਈ ਹੈ ਜੋ ਅੱਜ ਦਿੱਲੀ ਤੋਂ ਪਟਨਾ ਸਾਹਿਬ ਵੱਲ ਰਵਾਨਾ ਹੋ ਗਈ ਹੈ। ਤਖ਼ਤ ਸਾਹਿਬ ਪ੍ਰਬੰਧਕ ਕਮੇਟੀ ਦੇ ਬੁਲਾਰੇ ਸ. ਹਰਪਾਲ ਸਿੰਘ ਜੌਹਲ ਅਤੇ ਮੀਡੀਆ ਇੰਚਾਰਜ ਵੱਲੋਂ ਦਿੱਲੀ ਵਿੱਚ ਅਰਦਾਸ ਤੋਂ ਬਾਅਦ ਬੱਸ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਸਲਾਹਕਾਰ ਸ. ਪਰਮਜੀਤ ਸਿੰਘ ਚੰਡੋਕ ਵੀ ਮੌਜੂਦ ਸਨ। ਸ. ਜਗਜੋਤ ਸਿੰਘ ਸੋਹੀ ਸਮੇਤ ਪੂਰੀ ਕਮੇਟੀ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਅਤੇ ਮਹਾਸਚਿਵ ਸ. ਜਗਦੀਪ ਸਿੰਘ ਕਾਹਲੋ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਪਾਲਕੀ ਬੱਸ ਭੇਜ ਕੇ ਸ਼ਹੀਦੀ ਜਾਗਰਤੀ ਯਾਤਰਾ ਦੀ ਸ਼ੋਭਾ ਵਧਾਈ।

# ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੂੰ 'ਕੌਮੀ ਸ਼ਹੀਦ' ਐਲਾਨ ਕਰਣ ਦੀ ਮੰਗ: ਗੁਰਪਤਵੰਤ ਸਿੰਘ ਪਨੂੰ

**ਨਵੀਂ ਦਿੱਲੀ, 6 ਸਤੰਬਰ (ਮਨਪ੍ਰੀਤ ਸਿੰਘ ਖਾਲਸਾ)**:- ਸਿੱਖਸ ਫ਼ਾਰ ਜਸਟਿਸ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪਨੂੰ ਨੇ ਮਨੁੱਖੀ ਅਧਿਕਾਰਾਂ ਦੇ ਰਾਖੇ ਅਤੇ ਪੰਜਾਬ ਅੰਦਰ ਲਵਾਰਿਸ ਦੱਸ ਕੇ ਲਾਸ਼ਾਂ ਸਾੜਨ ਦੇ ਮਾਮਲੇ ਦਾ ਭੇਤ ਜੱਗ ਜ਼ਾਹਰ ਕਰਣ ਵਾਲੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੂੰ "ਕੌਮੀ ਸ਼ਹੀਦ" ਐਲਾਨ ਕਰਣ ਦੀ ਅਕਾਲ ਤਖਤ ਸਾਹਿਬ ਕੋਲ ਅਪੀਲ ਕੀਤੀ ਹੈ । ਉਨ੍ਹਾਂ ਕਿਹਾ ਕਿ ਪੰਜਾਬ 'ਚ ਲਵਾਰਿਸ ਦੱਸ ਕੇ ਲਾਸ਼ਾਂ ਸਾੜਨ ਦੇ ਮਾਮਲੇ ਦਾ ਭੇਤ ਜੱਗ ਜ਼ਾਹਰ ਕਰਨ ਵਾਲੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਹੀ ਹੈ ਜੋ ਕਿ ਆਪਣੀ ਕਲਮ ਦੀ ਤਾਕਤ ਨਾਲ ਇਹ ਬਿਖੜਾ ਕੰਮ ਕਰਕੇ ਆਪ ਸ਼ਹੀਦੀ ਪਾ ਗਏ ਸਨ ।ਜਿਕਰਯੋਗ ਹੈ ਕਿ 1980 ਵਿੱਚ ਪੰਜਾਬ ਸੰਕਟ ਦੇ ਦਿਨਾਂ



ਵਿੱਚ ਆਪ੍ਰੇਸ਼ਨ ਬਲਿਊ ਸਟਾਰ, ਇੰਦਰਾ ਗਾਂਧੀ ਦੇ ਕਤਲ ਅਤੇ 1984 ਦੇ ਸਿੱਖ-ਵਿਰੋਧੀ ਕਤਲੇਆਮ ਤੋਂ ਬਾਅਦ, ਪੁਲਿਸ ਨੂੰ ਸ਼ੱਕੀ ਵਿਅਕਤੀਆਂ ਨੂੰ ਸ਼ੱਕੀ ਅੱਤਵਾਦੀ ਕਹਿ ਕੇ ਹਿਰਾਸਤ ਵਿੱਚ ਲੈਣ ਦੇ ਅਧਿਕਾਰ ਦੇ ਦਿੱਤੇ ਗਏ ਸੀ। ਪੁਲਿਸ ਉੱਤੇ ਕਥਿਤ ਤੌਰ 'ਤੇ ਹੋਈ ਗੋਲੀਬਾਰੀ ਵਿਚ ਨਿਹੱਥੇ ਸ਼ੱਕੀ ਲੋਕਾਂ ਦੀ ਹੱਤਿਆ ਕਰਨ ਅਤੇ ਕਤਲਾਂ ਨੂੰ ਛੁਪਾਉਣ ਲਈ ਹਜ਼ਾਰਾਂ ਲਾਸ਼ਾਂ ਸਾੜਨ ਦੇ ਦੋਸ਼ ਲੱਗ ਰਹੇ ਸਨ। ਪਨੂੰ ਨੇ ਦਸਿਆ ਕਿ ਆਪਣੇ ਇੱਕ ਮਿੱਤਰ ਦੀ ਭਾਲ ਕਰਦਿਆਂ ਉਨ੍ਹਾਂ ਕੋਲ ਅਨੇਕਾਂ ਹੋਰ 'ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਦੀ ਗੱਲ ਧਿਆਨ ਵਿੱਚ ਆਈ। ਮਿਉਂਸਪਲ ਕਮੇਟੀ 'ਚੋਂ ਕਿੰਨੀਆਂ ਲੱਕੜਾਂ ਆਈਆਂ, ਕਲਰਕਾਂ ਨੇ ਉਨ੍ਹਾਂ ਵਿੱਚੋਂ ਕਿੰਨੀ

ਆਵਾਜ਼ਿ ਕੌਮ AWAZE QAUM International Newspaper & WEB TV

ਰਿਸ਼ਵਤ ਖਾਧੀ ਤੇ ਫਿਰ ਤਰਨਤਾਰਨ ਤੇ ਪੱਟੀ ਦੇ ਸ਼ਮਸ਼ਾਨਘਾਟਾਂ ਵਿੱਚ ਇਨ੍ਹਾਂ ਝੂਠੇ ਪੁਲਿਸ ਮੁਕਾਬਲਿਆਂ ਤੇ ਕਿੰਨੀਆਂ ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਹੋਏ, ਕਿੰਨੇ ਅੱਧਸੜੇ ਮਨੁੱਖੀ ਅੰਗ ਕੁੱਤੇ ਵੀ ਖਾਂਦੇ ਰਹੇ, ਇਨ੍ਹਾਂ ਨਾਲ ਜੁੜੀਆਂ ਹੋਰ ਅਨੇਕ ਘਟਨਾਵਾਂ ਖਾਲੜਾ ਜੀ ਆਪਣੀ ਡਾਇਰੀ ਵਿੱਚ ਕਲਮਬੰਦ ਕਰਦੇ ਗਏ। ਸ਼ਮਸ਼ਾਨਘਾਟ ਦੇ ਰਜਿਸਟਰਾਂ ਦੀਆਂ ਨਕਲਾਂ ਅਤੇ ਟਾਵੇਂ-ਟਾਵੇਂ ਮ੍ਰਿਤਕਾਂ ਦੇ ਨਾਂ ਪਤੇ ਵੀ ਉਨ੍ਹਾਂ ਦੇ ਹੱਥ ਆ ਗਏ। ਉਨ੍ਹਾਂ ਕਿਹਾ ਕਿ ਭਾਈ ਖਾਲੜਾ ਨੇ ਕਲਮ ਦੀ ਲੜਾਈ ਲੜੀ ਹੈ ਅਤੇ ਇਸੇ ਕਲਮ ਦੀ ਤਾਕਤ ਨੂੰ ਸ਼ਹੀਦ ਖਾਲੜਾ ਨੇ ਆਪਣੀ ਕਲਮ ਦੇ ਹਥਿਆਰ ਨਾਲ ਸਾਰੀ ਦੁਨੀਆਂ ਦੇ ਸਾਹਮਣੇ ਲਿਆਉਂਦੀ ਸੀ। ਇਸ ਲਈ ਉਨ੍ਹਾਂ ਨੂੰ ਕੌਮੀ ਸ਼ਹੀਦ ਐਲਾਨ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਏ । ਇਥੇ ਦਸਣਯੋਗ ਹੈ ਕਿ 6 ਸਤੰਬਰ ਨੂੰ ਪੁਲਿਸ ਦੀਆਂ ਜਿਪਸੀਆਂ ਦੀ ਇੱਕ ਧਾੜ ਆਈ ਤੇ ਸ.ਖਾਲੜਾ ਦੇ ਅੰਮ੍ਰਿਤਸਰ ਸ਼ਹਿਰ ਸਥਿਤ ਕਬੀਰ ਪਾਰਕ ਵਾਲੇ ਘਰ ਵਿਚੋਂ ਉਨ੍ਹਾਂ ਨੂੰ ਜ਼ਬਰਦਸਤੀ ਚੁੱਕ ਕੇ ਲੈ ਗਈ। ਸ.ਖਾਲੜਾ ਨੇ 'ਅਣਪਛਾਤੀਆਂ ਲਾਸ਼ਾਂ' ਅਤੇ 'ਝੂਠੇ ਪੁਲਿਸ ਮੁਕਾਬਲਿਆਂ' ਸੰਬੰਧੀ ਜੋ ਕਿਹਾ ਹੈ, ਉਹ ਉਸ ਨੂੰ ਵਾਪਸ ਲੈਣ ਲਈ ਥਾਣਾ ਝਬਾਲ ਦੇ ਇੱਕ ਸੈੱਲ ਵਿੱਚ ਉਸ ਨੂੰ ਤਸੀਹੇ ਦਿੱਤੇ ਗਏ। ਉਨ੍ਹਾਂ ਵਲੋਂ ਗੱਲ ਨਾ ਮੰਨਣ ਕਰਕੇ ਉਨ੍ਹਾਂ ਨੂੰ ਗੋਲੀ ਨਾਲ ਮਾਰ ਕੇ ਉਹਨਾਂ ਦੀ ਲਹੂ ਨਾਲ ਭਿੱਜੀ ਦੇਹ ਨੂੰ ਹਰੀ ਕੇ ਪੱਤਣ ਰਾਜਸਥਾਨ ਨਹਿਰ ਵਿੱਚ ਰੋੜ੍ਹ ਦਿੱਤੀ ਗਈ ।